# ਵਰਿਆਮ

ਜੁਲਾਈ ੧੯੯੦

## ਬੂੰਦਨ ਮੇਘ ਭਲੀ ਛਬਿ ਪਾਈ

ਜੋਰ ਘਟਾ ਘਨ ਆਏ ਜਹਾਂ ਸਖੀ ਬੂੰਦਨ ਮੇਘ ਭਲੀ ਛਬਿ ਪਾਈ ॥
ਬੋਲਤ ਚਾਤ੍ਰਿਕ ਦਾਦਰ ਅਉ ਘਨ ਮੋਰਨ ਪੈ ਘਨਘੋਰ ਲਗਾਈ ॥
ਤਾਹੀ ਸਮੈ ਹਮ ਕਾਨ੍ਹਰ ਕੇ ਸੰਗ ਖੇਲਤ ਥੀ ਅਤਿ ਪ੍ਰੇਮ ਬਢਾਈ ॥
ਤਉਨ ਸਮੈਂ ਸੁਖਦਾਇਕ ਥੀ ਰਿਤ ਅਉਸਰ ਯਾਹਿ ਭਈ ਸੁਖਦਾਈ ॥੯੭੨॥

ਗੁਰੂ ਗੋਬਿੰਦ ਸਿੰਘ ਜੀ
ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਪੰਨਾ—੩੭੦

ਹੇ ਸਖੀ ਜਿਥੇ ਜ਼ੋਰ ਦੀ ਘਣੀ ਘਟਾ ਆਈ, ਬਦਲਾਂ ਦੀਆਂ ਬੂੰਦਾਂ ਨੇ ਬਹੁਤ ਛਹਿਬਰ ਲਾਈ । ਪਪੀਹੇ ਅਤੇ ਡੱਡੂ ਬਹੁਤ ਬੋਲਦੇ । ਮੋਰਾਂ ਨੇ ਘਨਘੋਰ ਲਾਈ । ਉਸ ਸਮੇਂ ਅਸੀਂ ਕਾਨ੍ਹ ਦੇ ਨਾਲ ਅਤਿ ਪ੍ਰੇਮ ਨਾਲ ਖੇਡਦੀਆਂ ਸੀ ।ਉਸ ਸਮੇਂ ਰੁਤ ਬਹੁਤ ਸੁਖਦਾਈ ਸੀ । ਇਹ ਹੀ ਅਵਸਰ ਸੁਖਦਾਈ ਸੀ ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਣਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA





Sri Satguru Jagjit Singh Ji eLibrary NamdhariElibrary@gmail.com

ਵਰਿਆਮ

ਜੁਲਾਈ—੧੯੯੦ ਜਿਲਦ—੧੫ ਅੰਕ—੯

ਤ ਤ ਕ ਰਾ


ਸੰਪਾਦਕੀ—ਜਗਦੀਸ਼ ਸਿੰਘ ੫
ਸਿੰਘ ਕੂਕਿਓਂ ਕੀ ਕੱਥਾ—ਗਿਆਨੀ ਗਿਆਨ ਸਿੰਘ ੬
ਹਰਨਾਮ ਸਿੰਘ ਨਾਜ਼—ਸਵਿਤੋਜ ੯
ਸਾਹਿਤਕ ਮਾਨਤਾ—ਲਖਵਿੰਦਰ ਜੌਹਲ ੧੧
ਰੁਸਣਾ ਪ੍ਰਧਾਨ ਮੰਤਰੀ ਦਾ—ਸਤਨਾਮ ਚਾਨਾ ੧੨
ਗਜ਼ਲ—ਸੁਰਿੰਦਰ ਸੋਹਲ ੧੩
ਕਾਲਾ ਇਲਮ (ਕਹਾਣੀ)—ਕਿਰਪਾਲ ਕਜ਼ਾਕ ੧੪
ਗਜ਼ਲ—ਓਅੰਕਾਰ ਪ੍ਰੀਤ ਸਿੰਘ, ਪ੍ਰਕਾਸ਼ ਕੌਰ ਹਮਦਰਦ, ਕੰਵਰ ਸੁਖਦੇਵ ੧੬
ਗੀਤ—ਕੰਵਰ ਸੁਖਦੇਵ ੧੭
ਨਜ਼ਮ—ਵਰ ਜਾਂ ਸਰਾਪ—ਰਣਧੀਰ ਸਿੰਘ ਬੇਦੀ ੧੭
ਗਜ਼ਲ—ਸੁਰਜੀਤ ਸਿੰਘ ਖੁਰਸ਼ੀਦੀ, ਸੁਰਜੀਤ ਸਿੰਘ 'ਅਮਰ' ੧੮
ਜਿੰਦੇ ਨੀ—ਨਜ਼ਮ ਸੁਰਜੀਤ ਖੁਰਸ਼ੀਦੀ ੧੮
ਪਰਮਾਤਮਾ (ਰੂਸੀ ਕਹਾਣੀ)—ਤਾਲਸਤਾਏ ੧੯
ਵਿਸ਼ੇਸ਼ ਕਵੀ ਮਿਲਣੀ—ਜਗਦੀਸ਼ ਸਿੰਘ ੨੨
ਚਾਰ ਦਿਹਾੜੇ ਮੰਡੀ ਵਿਚ—ਜਗਦੀਸ਼ ਸਿੰਘ ੨੩
ਖਬਰਨਾਮਾ ੨੭



ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ : ਦਫਤਰ : 57456, 57547 ] P.P.
ਘਰ : 56289


ਸੰਪਾਦਕੀ

## ਸਾਡੀ ਭਾਵਨਾ

"ਇਹ ਦੁਨੀਆ ਰੱਬ ਨੇ ਇਸ ਲਈ ਬਣਾਈ ਹੈ ਕਿ ਸਾਰੇ ਲੋਕ ਇਸਨੂੰ ਆਪਣਾ ਮਿਲਿਆ ਜੁਲਿਆ ਘਰ ਸਮਝਣ ਅਤੇ ਇਸ ਵਿਚ ਅਮਨ ਚੈਨ ਨਾਲ ਵਸਣ। ਇਕ ਦੂਜੇ ਨਾਲ ਪਿਆਰ ਕਰਨਾ ਸਿੱਖਣ। ਸਾਨੂੰ ਦੂਜੇ ਧਰਮਾਂ ਨੂੰ ਅਪਣੇ ਧਰਮ ਤੋਂ ਹੇਠਾਂ ਨਹੀਂ ਸਮਝਣਾ ਚਾਹੀਦਾ। ਦੂਜੇ ਧਰਮਾਂ ਦੀ ਆਲੋਚਨਾ ਕਰਨ ਨਾਲ ਹੀ ਬੰਦੇ ਵਿਚ ਫਿਰਕੂ ਭਾਵਨਾਵਾਂ ਜਾਗਦੀਆਂ ਹਨ। ਇਸ ਲਈ ਸਾਡਾ ਸਾਰਿਆਂ ਦਾ ਇਹ ਮੁਖ ਧਰਮ ਹੈ ਕਿ ਅਸੀਂ ਆਪਣੇ ਧਰਮ ਦੇ ਨਾਲ ਨਾਲ ਸਾਰੇ ਧਰਮਾਂ ਦਾ ਆਦਰ ਕਰਨਾ ਸਿੱਖੀਏ ਕਿਉਂ ਜੁ ਸਾਰੇ ਹੀ ਧਰਮ ਬੰਦੇ ਨੂੰ ਬੰਦੇ ਨਾਲ ਪ੍ਰੇਮ ਕਰਨਾ ਸਿਖਾਂਦੇ ਹਨ, ਨਾ ਕਿ ਘਿਰਨਾ ਕਰਨੀ।"

ਉਪ੍ਰੋਕਤ ਟੂਕ ਅਸੀਂ ਵਰਿਆਮ ਦੇ ਇਸੇ ਅੰਕ ਵਿਚ ਛੱਪੀ ਇਕ ਕਹਾਣੀ ਤੋਂ ਲਈ ਹੈ ਜੋ ਰੂਸ ਦੇ ਵਿਦਵਾਨ ਮਹਾਤਮਾ ਤਾਲਸਤਾਇ ਦੀ ਲਿਖੀ ਹੋਈ ਹੈ।

ਉਪ੍ਰੋਕਤ ਕਥਨ ਦੀ ਪੁਸ਼ਟੀ ਸਾਰੇ ਹੀ ਧਰਮਾਂ ਦੇ ਸ੍ਰੇਸ਼ਟ ਪੁਰਖਾਂ ਨੇ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜਿਨ੍ਹਾਂ ਦੇ ਮਨ ਤੋਂ ਭਰਮ ਲਹਿ ਜਾਂਦਾ ਹੈ ਉਹ ਹਿੰਦੂ ਤੁਰਕ ਨੂੰ ਸਮਾਨ ਮੰਨਦੇ ਹਨ। ਭਾਵੇਂ ਸਾਰੇ ਧਰਮਾਂ ਦੇ ਆਚਾਰੀਆਂ ਦਾ ਉਪਦੇਸ਼ ਲੋਕਾਂ ਦੇ ਸਾਹਮਣੇ ਹੈ, ਬੇਦ, ਕਤੇਬ ਤੇ ਗ੍ਰੰਥ ਹਨ ਪਰ ਫੇਰ ਵੀ ਉਹਨਾਂ ਵਿਚ ਦੱਸੀ ਸਿਖਿਆ ਨੂੰ ਬਾਰ ਬਾਰ ਸਾਹਮਣੇ ਲਿਆਉਣ ਵਾਸਤੇ ਸਾਹਿਤਕਾਰ ਵੱਖ ਵੱਖ ਰੂਪਾਂ ਦਾ ਪ੍ਰਯੋਗ ਕਰਦੇ ਹਨ। ਅਸੀਂ ਵੀ ਇਸ ਮੰਤਵ ਨਾਲ ਇਹ ਕਹਾਣੀਆਂ ਕਵਿਤਾਦਾਂ ਲੇਖ ਚੁਣਦੇ ਅਤੇ ਪ੍ਰਕਾਸ਼ਿਤ ਕਰਦੇ ਹਾਂ ਕਿ ਲੋਕ ਮਨਾਂ ਵਿਚ ਕੁਝ ਹੱਦ ਤੱਕ ਇਹ ਸੰਦੇਸ਼ ਪਹੁੰਚਾ ਸਕੀਏ। ਇਸੇ ਕਰਕੇ ਹੀ ਮਹਾਤਮਾ ਤਾਲਸਤਾਇ ਦੀਆਂ ਕਹਾਣੀਆਂ ਵਰਿਆਮ ਵਿਚ ਛੱਪ ਹੀ ਰਹੀਆਂ ਹਨ। ਸੁਰਜੀਤ ਖੁਰਸ਼ੀਦੀ ਅਨੁਵਾਦ ਕਰਕੇ ਵਰਿਆਮ ਦੇ ਕਾਲਮਾਂ ਰਾਹੀਂ ਇਸ ਸੇਵਾ ਵਿਚ ਵੱਡਾ ਹੱਥ ਵਟਾ ਰਹੇ ਹਨ।

ਇਸੇ ਅੰਕ ਵਿਚ ਪੰਜਾਬੀ ਸਾਹਿਤ ਜਗਤ ਦੇ ਬਹੁਤ ਸ੍ਰੇਸ਼ਟ ਕਹਾਣੀਕਾਰ ਕਿਰਪਾਲ ਕਜ਼ਾਕ ਦੀ ਇਕ ਕਹਾਣੀ ਛੱਪ ਰਹੀ ਹੈ "ਕਾਲਾ ਇਲਮ"। ਸਮਰਥਾਵਾਨ ਲੇਖਕ ਨੇ ਕਲਾਮਈ ਛੋਹਾਂ ਦੁਆਰਾ ਜਿਹੜੀ ਗੱਲ ਸਾਹਮਣੇ ਲਿਆਂਦੀ ਹੈ ਉਹੋ ਜਿਹੀਆਂ ਗੱਲਾਂ ਆਮ ਲੋਕ ਜਾਣਦੇ ਤਾਂ ਹਨ ਪਰ ਉਸਨੂੰ ਉਭਾਰ ਕੇ ਸਾਹਮਣੇ ਲਿਆਉਣ ਇਹ ਪਰਬੀਨ ਸਾਹਿਤਕਾਰ ਦਾ ਕਾਰਜ ਹੁੰਦਾ ਹੈ। ਸਾਹਿਤ ਉਹ ਜੋ ਅਨੰਦਦਾਇਕ ਵੀ



Sri Satguru Jagjit Singh Ji eLibrary NamdhariElibrary@gmail.com

ਹੋਵੇ ਤੇ ਸੁਤੇ ਸਿੱਧ ਤੁਹਾਡੇ ਮਨਾਂ ਨੂੰ ਹਿਲਾ ਕੇ ਕੋਈ ਚੰਗੀ ਦਿਸ਼ਾ ਪ੍ਰਦਾਨ ਕਰ ਦੇਵੇ। 'ਕਜ਼ਾਕ' ਹੋਰਾਂ ਨੇ ਵਰਿਆਮ ਪ੍ਰਤੀ ਸਨੇਹ ਦੱਸਦਿਆਂ ਇਸ ਨੂੰ ਕਲਮੀ ਸਹਿਯੋਗ ਦੇ ਕੇ ਇਕ ਉੱਤਮ ਕਲਾ ਕ੍ਰਿਤੀ ਭੇਜੀ ਹੈ। ਸਾਡੇ ਮਨਾਂ ਵਿਚ ਸਦਾ ਆਦਰ ਰਹੇਗਾ।

ਵਰਿਆਮ ਦੇ ਪੰਨਿਆਂ ਤੇ ਗਿਆਨੀ ਗਿਆਨ ਸਿੰਘ ਰਚਿਤ "ਸਿੰਘ ਕੂਕਿਓਂ ਦੀ ਕੱਥਾ" ਸਿਰਲੇਖ ਹੇਠ ਇਤਿਹਾਸਕ ਸਮਗਰੀ ਛੱਪ ਰਹੀ ਹੈ। ਚੰਗੇ ਪੁਰਖਾਂ ਦਾ ਇਤਿਹਾਸ ਸਦਾ ਹੀ ਕੌਮਾਂ ਦਾ ਮਾਰਗ ਦਰਸ਼ਨ ਕਰਦਾ ਅਤੇ ਸਦਗੁਣਾਂ ਦਾ ਸੰਚਾਰ ਕਰਦਾ ਹੈ। ਇਤਿਹਾਸਕ ਤੱਥਾਂ ਤੇ ਅਸਹਿਮਤੀ ਹੋਣੀ ਆਮ ਗੱਲ ਹੈ ਪਰ ਫਿਰ ਵੀ ਮਹਾਨ ਸ਼ਖਸੀਅਤਾਂ ਸੂਰਜ ਵਾਂਗ ਸਭ ਹਨੇਰੇ ਚੀਰ ਕੇ ਰੌਸ਼ਨੀ ਦਿੰਦੀਆਂ ਹਨ। ਅਜਿਹੀ ਇਕ ਸ਼ਖਸੀਅਤ ਸਤਿਗੁਰੂ ਰਾਮ ਸਿੰਘ ਜੀ ਹਨ। ਉਹਨਾਂ ਨੂੰ ਭਾਵੇਂ ਕੋਈ ਸਤਿਗੁਰੂ ਕਹੇ ਕੋਈ ਬਾਬਾ ਜਾਂ ਨਿਰਾ ਹੀ ਰਾਮ ਸਿੰਘ ਉਹਨਾਂ ਦਾ ਜੀਵਨ ਇਤਿਹਾਸ ਸਦਾ ਹੀ ਮਨੁੱਖਤਾ ਦੇ ਅੰਧਿਆਰੇ ਮਨਾਂ ਵਿਚ ਚਾਨਣ ਦਾ ਛੱਟਾ ਦੇਂਦਾ ਹੀ ਰਿਹਾ ਹੈ ਤੇ ਰਹੇਗਾ। ਇਤਿਹਾਸਕਾਰਾਂ ਦੇ ਵਭਿੰਨ ਮਤਭੇਦਾਂ ਦੇ ਬਾਵਜੂਦ ਸਤਿਗੁਰੂਰਾਮਸਿੰਘ ਜੀ ਦੀ ਕਰਨੀ ਅੱਜ ਦੁਨੀਆ ਲਈ ਚਾਨਣ ਮੁਨਾਰਾ ਹੈ ਇਸ ਤੇ ਕੋਈ ਕਿੰਤੂ ਨਹੀਂ। ਉਹਨਾਂ ਦਾ ਨਾਮ ਲਿਆਂ ਮਨਾਂ ਵਿਚ ਠੰਢ ਪੈਂਦੀ ਹੈ। ਇਸੇ ਕਰਕੇ ਉਹਨਾਂ ਦਾ ਜੀਵਨ ਅਤੇ ਜੱਸ ਵਰਿਆਮ ਦੇ ਕਾਲਮਾਂ ਰਾਹੀਂ ਅਸੀਂ ਪ੍ਰਸਤੁਤ ਕਰਦੇ ਹਾਂ ਇਸ ਵਿਚ ਕਥਾ ਲਿਖਣ, ਸੁਨਾਉਣ ਤੇ ਸੁਨਣ ਤੇ ਛਾਪਣ ਵਾਲੇ ਦਾ ਭਲਾ ਹੀ ਭਲਾ ਹੈ। ਐਸੀ ਸਾਡੀ ਮਾਨਤਾ ਹੈ।

ਕਿਸੇ ਵੀ ਪਰਚੇ ਦੀ ਕਾਮਯਾਬੀ ਵਿਚ ਸਯੋਗੀ ਲੇਖਕਾਂ ਦੇ ਸਹਿਯੋਗ ਦਾ ਅਹਿਮ ਹਿਸਾ ਹੁੰਦਾ ਹੈ। ਪਰ ਇਹ ਕਾਰਜ ਕੇਵਲ ਮਨ ਦੀ ਲੋਚਾ ਨਾਲ ਹੀ ਨਹੀਂ ਹੋ ਜਾਂਦਾ। ਖਾਸ ਕਰਕੇ ਵਰਿਆਮ ਵਰਗੇ ਗੈਰ ਬਿਉਪਾਰਕ ਅਤੇ ਵਿਸ਼ੇਸ਼ ਸਾਤਵਿਕ ਸੇਧ ਵਾਲੇ ਪਰਚੇ ਵਾਸਤੇ ਜਿਸਦੇ ਸੰਪਾਦਕ ਦੀ ਮਾਇਕ ਸਮਰਥਾ ਵੀ ਮਹੀਨ ਹੋਵੇ। ਜੇਕਰ ਅਜਿਹੀ ਅਵਸਥਾ ਵਿਚ ਸਮ੍ਰਿਧ ਲੇਖਕ ਦੋਸਤ ਇਸ ਨੂੰ ਢਾਸਣਾ ਦੇਣ ਤਾਂ ਇਹ ਵਰਦਾਨ ਹੀ ਤਾਂ ਹੁੰਦਾ ਹੈ। ਇਹ ਵਰਦਾਨ ਦੋਸਤ ਲੇਖਕਾਂ ਵਲੋਂ ਮਿਲਦਾ ਹੀ ਰਿਹਾ ਹੈ। ਵਰਿਆਮ 'ਚ ਛਪੀਆਂ ਕਿਰਤਾਂ ਦੇ ਰੂਪ ਵਿਚ।

ਹੁਣ ਇਕ ਵਿਸ਼ੇਸ਼ ਯੋਗਦਾਨ ਦੀ ਗਲ ਕਰਦੇ ਹਾਂ। ਪੰਜਾਬੀ ਸਾਹਿਤ ਜਗਤ ਵਿਚ ਨੌਜਵਾਨ ਪੀੜ੍ਹੀ 'ਚ ਆਲੋਚਨਾ ਦੇ ਖੇਤਰ ਵਿਚ ਇਕ ਉਘਾ ਨਾਮ ਹੈ ਸ੍ਰੀ ਲਖਵਿੰਦਰ ਜੌਹਲ ਦਾ। ਜੌਹਲ ਸਿਰਜਨਾਤਮਕ ਸਾਹਿਤ ਵੀ ਪੂਰੀ ਯੋਗਤਾ ਨਾਲ ਰਚਦੇ ਹਨ ਪਰ ਉਹਨਾਂ ਆਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਖਿਆਤੀ ਪਾਈ ਹੈ। ਉਹਨਾਂ ਨੇ ਵਰਿਆਮ ਵਿਚ ਇਕ ਅਜਿਹਾ ਕਾਲਮ 'ਬੇਬਾਕੀਆਂ' ਸਿਰਲੇਖ ਹੇਠ ਇਸ ਅੰਕ ਤੋਂ ਲਗਾਤਾਰ ਲਿਖਣ ਦਾ ਵਾਅਦਾ ਕੀਤਾ ਹੈ। ਸਾਹਿਤ ਜਗਤ ਨਾਲ ਸਬੰਧਤ ਸਰਗਰਮੀਆਂ ਬਾਰੇ ਉਹਨਾਂ ਦੀ ਟਿਪਣੀ ਨਿਰਸੰਦੇਹ ਸਾਹਿਤ ਖੇਤਰ ਦੇ ਘੁਲਾਟੀਆਂ ਦਾ ਧਿਆਨ ਆਪਣੇ ਵਲ ਖਿਚੇਗੀ।

ਸਾਹਿਤਕਾਰ ਅਪਣੀ ਰਚਨਾ ਦੁਆਰਾ ਅਮਰ ਹੁੰਦਾ ਹੈ ਪ੍ਰਤੱਖ ਹੁੰਦਾ ਹੈ। ਉਹ ਸੰਸਾਰ ਤਿਆਗ ਕੇ ਵੀ ਜੀਵਤ ਰਹਿੰਦਾ ਹੈ। ਪ੍ਰਸਿਧ ਸਾਹਿਤਕਾਰਾਂ ਦੀ ਗੈਰ-ਹਾਜ਼ਰੀ 'ਚ ਹਾਜ਼ਰੀ ਉਹਨਾਂ ਦੀਆਂ ਰਚਨਾਵਾਂ ਹੁੰਦੀਆਂ ਹਨ। ਇਹਨਾਂ ਹਾਜ਼ਰ-ਗੈਰ ਹਾਜ਼ਰਾਂ ਬਾਰੇ ਹਰ ਮਹੀਨੇ ਲਿਖਣ ਦਾ ਵਾਅਦਾ ਕੀਤਾ ਹੈ ਪ੍ਰਸਿਧ ਕਵੀ ਸਵੀਤੋਜ ਜੀ ਨੇ। ਇਸ ਅੰਕ ਤੋਂ ਉਹਨਾਂ ਦਾ ਕਾਲਮ ਆਰੰਭ ਹੁੰਦਾ ਹੈ।

ਸਮੇਂ ਦੀ ਰਾਜਨੀਤੀ ਦਾ ਪ੍ਰਭਾਵ ਹਰ ਵਿਅਕਤੀ ਕਬੂਲਦਾ ਹੈ ਅਤੇ ਹਰ ਇਕ ਦੀ ਦਿਲਚਸਪੀ ਵੀ ਇਸ ਵਿਚ ਹੁੰਦੀ। ਸਾਫ ਸੁਥਰੀ ਨਰੋਈ ਰਾਜਨੀਤੀ ਦੇਸ਼ ਦੀ ਕਾਇਆ ਪਲਟ ਸਕਦੀ ਹੈ। ਇਸ ਸਬੰਧੀ ਚਲੰਤ ਮਾਮਲੇ ਸਾਡੇ ਜਨ-ਜੀਵਨ ਤੇ ਅਸਰ ਪਾਉਂਦੇ ਹਨ। ਸਮੇਂ ਦੇ ਹਾਣ ਦੀ ਸਿਆਸੀ ਟਿਪਣੀ ਵਾਸਤੇ ਸ੍ਰੀ ਸਤਨਾਮ ਚਾਨਾ ਨੇ ਯੋਗਦਾਨ ਪੇਸ਼ ਕੀਤਾ ਹੈ। ਉਹ ਅਨੇਕਾਂ ਹੀ ਦੇਸ਼ਾਂ ਦਾ ਕਈ ਵਾਰ ਭਰਮਣ ਕਰ ਚੁੱਕੇ ਹਨ। ਸਿਆਸੀ ਘੋਲਾਂ ਵਿਚ ਜੁਆਨੀ ਅਰਪਣ ਕਰਨ ਵਾਲੇ ਨੌਜਵਾਨ ਚਾਨਾ ਚਲੰਤ ਮਸਲਿਆਂ ਦੇ ਮਾਹਰ ਹਨ। ਨਿਰ-ਸੰਦੇਹ ਉਹ ਵਰਿਆਮ ਦੇ ਕਾਲਮਾਂ ਨੂੰ ਮੂੜ ਸ਼ੋਭਾ ਦੇਣਗੇ।

ਸਾਡਾ ਜਤਨ ਹੈ ਕਿ ਲੋਕਾਂ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ, ਰੁਚੀਆਂ ਅਤੇ ਜਾਣਕਾਰੀ ਨਾਲ ਸਬੰਧਤ ਲਿਖਤਾਂ (ਭਾਵੇਂ ਆਕਾਰ ਵਿਚ ਛੋਟੀਆਂ) ਨੂੰ ਜਿਆਦਾ ਮਿਕਦਾਰ ਵਿਚ ਪੇਸ਼ ਕੀਤਾ ਜਾਵੇ।

ਅਸੀਂ ਆਪਣੇ ਜਤਨਾਂ ਨਾਲ ਜੇ ਅਜਿਹੀ ਸਾਮਗਰੀ ਆਪਣੇ ਕਾਲਮਾਂ ਵਿਚ ਦੇਣ ਦੇ ਸਮਰਥ ਹੋਈਏ, ਜਿਸ ਨਾਲ ਮਾਨਵੀ ਕਦਰਾਂ ਕੀਮਤਾਂ ਨੂੰ ਬੜਾਵਾ ਮਿਲੇ, ਬੰਦੇ ਨੂੰ ਬੰਦਾ ਚੰਗਾ ਲਗੇ, ਅਗੇ ਨਾਲੋਂ ਕੁਝ ਵੀ ਬਿਹਤਰ ਕਰ ਸਕਣ ਦੇ ਯੋਗ ਹੋਈਏ, ਸੜਦੇ ਬਲਦੇ ਜਗਤ ਵਿਚ ਚਾਰ ਬੂੰਦਾਂ ਪਾਣੀ ਵਰਗਾ ਸਹਿਯੋਗ ਪਾ ਸਕੀਏ ਤਾਂ ਵੀ ਅਸੀਂ ਧਨ ਭਾਗ ਸਮਝਾਂਗੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones Office : 529033
Factory : 501973
Resi. : 536093

# BALWANT SINGH & SONS

Office: 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp. C-70 NEW DELHI-110064




Sri Satguru Jagjit Singh Ji eLibrary NamdhariElibrary@gmail.com









Sri Satguru Jagjit Singh Ji eLibrary NamdhariElibrary@gmail.com

# ਸਿੰਘ ਕੂਕਿਓਂ ਕੀ ਕੱਥਾ-(੪)

—ਗਿਆਨ ਗਿਆਨ ਸਿੰਘ—

ਪਿਛਲੀਆਂ ਤਿੰਨ ਕਿਸ਼ਤਾਂ ਵਿਚ ਗਿਆਨੀ ਗਿਆਨ ਸਿੰਘ ਜੀ ਰਚਿਤ ਕਬਿਤਾਂ ਵਿਚੋਂ ੧੮ ਦਾ ਮੂਲ ਪਾਠ ਤੇ ਕਥਾ ਅਸੀਂ ਪ੍ਰਕਾਸ਼ਤ ਕੀਤੀ ਹੈ। ਕੂਕਾ ਪੰਥ ਬਾਰੇ ਕਾਵਿ ਭੂਮਕਾ ਤੋਂ ਸ਼ੁਰੂ ਕਰਕੇ ਗੁਰੂ ਬਾਲਕ ਸਿੰਘ ਅਤੇ ਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਇਤਿਹਾਸ ਅੰਕਿਤ ਕੀਤਾ ਹੈ। ਪਿਛਲੀ ਕਿਸ਼ਤ ਵਿਚ ਦਸਿਆ ਸੀ ਕਿ ਸਤਿਗੁਰੂ ਜੀ ਜਿਥੇ ਜਾਂਦੇ ਹਨ ਉਥੇ ਹਜ਼ਾਰਾਂ ਸਿੱਖ ਬਣਦੇ ਹਨ। ਉਹਨਾਂ ਦੀ ਚੜ੍ਹਤ ਵੇਖ ਕੇ ਅੰਗਰੇਜ਼ ਹਾਕਮ ਅਤੇ ਗੁਰਦੁਆਰਿਆਂ ਦੇ ਪੁਜਾਰੀ ਬਹੁਤ ਬੇਚੈਨ ਹੋ ਗਏ ਹਨ। ਸਰਕਾਰੀ ਅਧਿਕਾਰੀ ਉਹਨਾਂ ਦੇ ਅਗੇ ਅਗੇ ਰਹਿੰਦੇ ਹਨ। ਹੁਣ ਅਗੋਂ ਦਾ ਹਾਲ ਪੜ੍ਹੋ।—ਸੰਪਾਦਕ)

(੧੯)

ਅਦਬ ਹਿਫ਼ਾਜ਼ਤ ਇਨਤਜ਼ਾਮ ਰਾਖੈਂ ਵਾਹਿ, ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।
ਰਾਮ ਸਿੰਘ ਚਾਹਿ ਅਰਦਾਸ ਇਤਫਾਕ ਬਾਇ, ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ।
ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰਦ੍ਵਾਰੇ, ਮਿਲ ਕੈ ਪੁਜਾਰੀਓਂ ਨੇ ਕਹਯੋ ਐਸ ਹੂੰ ਖਰੈਂ।
ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ, ਦਸਤਾਰ ਉਤਰੈ ਨਾ ਹਾਲ ਕਿਸੀ ਕੋ ਚਰੈ।

—ਉਹ (ਡਿਪਟੀ ਕਮਿਸ਼ਨਰ ਕੋਤਵਾਲ ਆਦਿ) ਗੁਰੂ ਰਾਮ ਸਿੰਘ ਜੀ ਦਾ ਅਦਬ ਵੀ ਕਰਦੇ ਅਤੇ ਹਿਫਾਜ਼ਤ (ਸੁਰੱਖਿਆ) ਦਾ ਪਰਬੰਧ ਵੀ ਕਰਦੇ। ਲੋਗ ਉਹ ਗੱਲਾਂ ਕਰਦੇ ਹਨ ਜੋ ਵੱਖ ਵੱਖ ਲੋਕਾਂ ਦੇ (ਅਪਣੇ ਅਪਣੇ) ਮਨਾਂ ਨੂੰ ਭਾਉਂਦੀਆਂ ਹਨ।

—ਗੁਰੂ ਰਾਮ ਸਿੰਘ ਜੀ ਦੀ ਚਾਹਨਾ ਸੀ ਕਿ ਇਤਫਾਕ (ਏਕਤਾ) ਵਾਸਤੇ ਅਰਦਾਸ ਕੀਤੀ ਜਾਵੇ। ਇਸ ਨਾਲ ਪੰਥ ਰੀਤ ਦਾ ਪ੍ਰਤਾਪ ਭਾਰੀ ਵਧੇਗਾ।

—(ਇਸੇ ਮੰਤਵ ਲਈ) ਜਦੋਂ ਉਹ (ਇਤਿਹਾਸਕ) ਗੁਰਦੁਆਰਿਆਂ ਵਿਚ ਪਰਸ਼ਾਦ ਦੀ ਭੇਟਾ ਲੈ ਕੇ ਗਏ ਤਾਂ ਉਹਨਾਂ ਗੁਰਦੁਆਰਿਆਂ ਦੇ ਪੁਜਾਰੀਆਂ ਨੇ ਮਿਲ ਕੇ ਚੰਗੀ ਤਰ੍ਹਾਂ ਇਵੇਂ ਕਿਹਾ।

—ਤੁਸੀਂ ਸਰੋਵਰ ਪੱਕਾ ਕਰਵਾ ਦੇਵੋ, ਇਹ ਹੀ ਤੁਹਾਨੂੰ ਤਨਖਾਹ (ਧਾਰਮਕ ਜੁਰਮਾਨਾ) ਹੈ। ਕਿਸੇ ਦੀ ਦਸਤਾਰ ਨਾ ਉਤਰੇ ਅਤੇ ਨਾ ਸੂਤਰ ਪਵੇ।

(੨੦)

ਕਹਯੋ ਰਾਮ ਸਿੰਘ ਉਭੈ ਬਾਤ ਨਾਂਹਿ ਬਾਤ ਮੋ ਤੈ ਦੇਹੁ ਤਨਖਾਹਿ ਕਿਛੁ ਜਥਾ ਜੋਗ ਜੇ ਰਰਯੋ।
ਹੁਤੋ ਗੁਰਦ੍ਵਾਰੇ ਤੰਬੂ ਸਾਹਿਬ ਕਾ ਜੋ ਮਹੰਤ ਮੰਗਲ ਮ੍ਰਿਗੇਸ਼ ਤਾਂਹਿ ਪ੍ਰਖਬੇ ਕੋ ਯੋਂ ਫਰਯੋ।
ਧਾਰ ਹੈ ਨਾ ਕੂਕਾ ਕੋਊ ਕਬੀ ਨੀਲ ਰੰਗ ਅੰਗ, ਨੀਲਾ ਸਿਰੋਪਾਉ ਰਾਮ ਸਿੰਘ ਆਗੇ ਲਯਾ ਧਰਯੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ, ਤੌ ਭੀ ਨਾਂ ਪੁਜਾਰੀਓਂ ਨੇ ਇਤਫ਼ਾਕ ਹੈ ਕਰਯੋ।

—ਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਨੂੰ ਕਿਹਾ ਕਿ ਤੁਹਾਡੀਆਂ ਦੋਵੇਂ ਗੱਲਾਂ (ਤਾਲ ਪਕਾ ਕਰਾਉਣ ਅਤੇ ਸੂਤਰ ਰੋਕਣ ਵਾਲੀਆਂ) ਮੇਰੇ ਵਸ ਵਿਚ ਨਹੀਂ ਹਨ। ਪਰ ਮੈਂ ਜੱਥਾ ਜੋਗ ਭੇਟਾ ਜ਼ਰੂਰ ਦਿਆਂਗਾ।

—ਤੰਬੂ ਸਾਹਿਬ ਗੁਰਦੁਆਰੇ ਦਾ ਮਹੰਤ ਮੰਗਲ ਸਿੰਘ ਹੁੰਦਾ ਸੀ। ਉਸਨੇ ਗੁਰੂ ਰਾਮ ਸਿੰਘ ਦੀ ਪਰਖ ਕਰਨ ਵਾਸਤੇ ਇਵੇਂ ਤਰੀਕਾ ਅਪਨਾਇਆ।

—ਕੋਈ ਵੀ ਕੂਕਾ ਕਦੇ ਨੀਲਾ ਰੰਗ ਅੰਗੀਕਾਰ ਨਹੀਂ ਕਰਦਾ (ਨੀਲੇ ਵਸਤਰ ਨਹੀਂ ਪਹਿਨਦਾ)। ਉਸ ਮਹੰਤ ਮੰਗਲ ਸਿੰਘ ਨੇ ਨੀਲੇ ਰੰਗ ਦਾ ਸਿਰੋਪਾਓ ਗੁਰੂ ਰਾਮ ਸਿੰਘ ਜੀ ਅਗੇ ਲਿਆ ਧਰਿਆ।

—ਭਾਵੇਂ ਗੁਰੂ ਰਾਮ ਸਿੰਘ ਜੀ ਨੇ ਉਸ ਨੀਲੇ ਸਿਰੋਪਾਓ ਨੂੰ ਆਪਣੇ ਸਿਰ ਤੇ ਰੱਖ ਲਿਆ ਤਾਂ ਵੀ ਪੁਜਾਰੀਆਂ ਨੇ ਇਤਫਾਕ (ਮੇਲ) ਨਾ ਕੀਤਾ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸਤਿਗੁਰੂ ਰਾਮ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਯੋ, ਸੰਮਤ ਉਨੀ ਸੌ ਬਾਈ ਤੇਈ ਮਧ ਚੰਗ ਹੈ।
ਦੀਪ ਮਾਲ ਚੋਬੀ ਸਾਲ ਹੂੰ ਕੀ ਪਰ ਸੁਧਾਸਰ, ਆਯੋ ਹਾਕਮੋਂ ਨੇ ਕੀਨੀ ਖਾਤਰ ਸੁਰੰਗ ਹੈ।
ਉਤਰਯੋ ਬਹਿਰ ਚਾਟੀਵਿੰਡ ਦਰਵਾਜੇ ਹੂੰ ਤੇ, ਬੀਸਕ ਹਜ਼ਾਰ ਕੂਕਾ ਸਿੰਘ ਥਯੋ ਸੰਗਿ ਹੈ।
ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ, ਤੌ ਪੂਜਾਰੀਓਂ ਨੇ ਕੀਨ ਯੋਂ ਕੁਢੰਗ ਹੈ।

ਏਸੇ ਹੀ ਤਰ੍ਹਾਂ ਜਦੋਂ ਉਹ (ਗੁਰੂ ਰਾਮ ਸਿੰਘ ਜੀ) ਅਨੰਦਪੁਰ ਸਾਹਿਬ ਗਏ ਤਾਂ ਰੌਲਾ ਰਿਹਾ। ਇਹ ਗੱਲ ਸੰਮਤ ਉਨੀ ਸੌ ਬਾਈ ਤੇਈ ਵਿਚ ਹੋਈ।

—ਸੰਮਤ ੧੯੨੪ ਦੀ ਦੀਵਾਲੀ ਤੇ ਉਹ ਅੰਮ੍ਰਿਤਸਰ ਆਏ ਤਾਂ ਉਹਨਾ ਦੀ,ਸਰਕਾਰੀ ਹਾਕਮਾਂ ਵਲੋਂ ਚੰਗੀ ਆਓ ਭਗਤ ਕੀਤੀ ਗਈ।

—ਉਹਨਾਂ ਅੰਮ੍ਰਿਤਸਰ ਦੇ ਬਾਹਰ ਵਾਰ ਚਾਟੀਵਿੰਡ ਦਰਵਾਜ਼ੇ ਕੋਲ ਡੇਰਾ ਕੀਤਾ। ਇਸ ਵੇਲੇ ਵੀਹ ਕੁ ਹਜ਼ਾਰ ਕੂਕੇ ਸਿੰਘ ਉਹਨਾਂ ਨਾਲ ਸਨ।

—ਜਦੋਂ ਉਹ ਅਪਾਰ ਪਰਸ਼ਾਦ ਅਤੇ ਭੇਟਾਂ ਲੈ ਕੇ ਦਰਬਾਰ ਸਾਹਿਬ ਗਏ ਤਾਂ ਪੁਜਾਰੀਆਂ ਨੇ ਇਵੇਂ ਕੁਢੰਗ (ਭੈੜਾ ਤਰੀਕਾ) ਹੀ ਅਪਨਾਇਆ।

(੨੨)

ਕੋਈ ਤੌ ਹਜ਼ਾਰੋਂ ਹੀ ਰੁਪਯਾ ਰਿਸ਼ਵਤ ਮਾਂਗੈ, ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈ।
ਹੋਇ ਕੈ ਮਸਤ ਕੋਊ ਕੂਕਾ ਨਾ ਉਤਾਰੈ ਪਾਗ, ਸਿੱਖ ਨਾ ਕਹਾਵੈਂ ਤੇਰੇ, ਧਾਰੈਂ ਨੀਲ ਰੰਗ ਹੈ।
ਕਹਯੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ, ਸ਼ਕਤਿ ਨ ਮੋ ਮੈ ਏਤੀ ਫੇਰੋਂ ਮਨ ਢੰਗ ਹੈ।
ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ, ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈ।

—ਕੋਈ ਪੁਜਾਰੀ ਤਾਂ ਹਜ਼ਾਰਾਂ ਰੁਪਿਆਂ ਦੀ ਰਿਸ਼ਵਤ ਮੰਗ ਰਿਹਾ ਹੈ। ਕੋਈ ਚਾਰ ਪੰਜ ਲੱਖ ਤਨਖ ਹ ਮੰਗਦਾ ਹੈ। ਉਹ ਕਹਿੰਦੇ ਹਨ ਕਿ ਕੋਈ ਕੂਕਾ ਮਸਤ ਹੋ ਕੇ ਪਗੜੀ ਨਾ ਉਤਾਰੇ, ਉਹ ਤੇਰੇ ਸਿੱਖ ਨਾ ਅਖਵਾਉਣ ਅਤੇ ਨੀਲੇ ਕਪੜੇ ਪਾਉਣ।

—(ਗੁਰੂ) ਰਾਮ ਸਿੰਘ ਨੇ ਕਿਹਾ ਕਿ ਇਹ ਗੱਲ ਸੱਭ ਗੁਰੂ ਜੀ ਦੇ ਵਸ ਹੈ। ਮੇਰੇ ਵਿਚ ਏਨੀ ਸ਼ਕਤੀ ਨਹੀਂ ਕਿ ਮੈਂ ਲੋਕਾਂ ਦੇ ਮਨਾਂ ਦੇ ਢੰਗ ਬਦਲ ਦਿਆਂ।

—ਜੇ ਮੇਰੇ ਵਿਚ ਤਨਖਾਹ (ਜੁਰਮਾਨੇ) ਯੋਗ ਚਾਰ ਦੋਸ਼ਾ ਚੋਂ ਕੋਈ ਹੋਵੇ ਤਾਂ ਮੇਰੇ ਕੋਲੋਂ ਨਿਸੰਗ ਹੋ ਕੇ ਉਸ ਵੇਲੇ ਦੰਡ ਲਵੋ।

(—ਚਤਰ ਬਿਧਾ :—ਤਨਖਾਹ ਯੋਗ ਚਾਰ ਦੋਸ਼—੧. ਬ੍ਰਾਹਮਣ ਨੂੰ ਮਾਰਨਾ ੨. ਗਊ ਨੂੰ ਮਾਰਨਾ ੩. ਲੜਕੀ ਮਾਰਨੀ ਜਾਂ ਵੇਚਣੀ ੪. ਆਚਾਰਹੀਨ ਦਾ ਧਨ ਖਾਣਾ।)

(੨੩)

ਥੀਓ ਤਕਰਾਰ ਇਨ ਬਾਤਨ ਪੈ ਭਾਰਿ ਜਬਿ, ਬਢਤੀ ਨਿਹਾਰਿ ਰਾਰ ਰਾਮ ਸਿੰਘ ਜੂ ਤਬੈ।
ਗੁਰੂਦ੍ਵਾਰ ਆਗੇ ਥਿਰਿ ਆਪ ਹੀ ਅਰਦਾਸ ਕਰਿ, ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।
ਗਾਵਤੇ ਸ਼ਬਦ ਪ੍ਰਦੱਖਨਾ ਲੈ ਗਏ ਡੇਰੇ, ਐਸ ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਿ ਹੈ ਅਬੈ।
ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ, ਮੇਲ ਹੋਨ ਦੇਤ ਨ ਸ਼ਰਈ ਮੰਦ ਯੇ ਕਬੈ।

—ਜਦੋਂ ਇਹਨਾਂ ਗੱਲਾਂ ਤੇ ਭਾਰੀ ਤਕਰਾਰ (ਵਾਦ-ਵਿਵਾਦ) ਹੋਇਆ ਤਾਂ ਗੁਰੂ ਰਾਮ ਸਿੰਘ ਜੀ ਨੇ ਝਗੜਾ ਵਧਦਾ ਵੇਖ ਕੇ ਤਦ

—ਗੁਰੂਦਵਾਰੇ ਅਗੇ ਆਪ ਹੀ ਅਰਦਾਸ ਕਰਕੇ, ਸਾਰਾ ਪ੍ਰਸ਼ਾਦ ਸਭ ਨੂੰ ਵਰਤਵਾ ਦਿਤਾ।

—ਉਹ ਸ਼ਬਦ ਪੜ੍ਹਦੇ ਪਰਕਰਮਾ ਕਰਕੇ ਆਪਣੇ ਡੇਰੇ ਚਲੇ ਗਏ। ਏਸੇ ਪ੍ਰਕਾਰ ਦਾ ਸਲੂਕ ਪੁਜਾਰੀਆਂ ਨੇ ਹੁਣ ਨਿਰਮਲਿਆਂ ਨਾਲ ਵੀ ਕੀਤਾ ਹੈ।

—ਇਹਨਾਂ ਪੁਜਾਰੀਆਂ ਨੇ ਪੰਥ ਰੂਪੀ ਦੁੱਧ ਵਿਚ ਕਾਂਜੀ ਪਾਈ ਹੈ। ਇਹ ਸ਼ਰਈ ਲੋਕ ਪੰਥ ਵਿਚ ਕਦੇ ਮੇਲ ਨਹੀਂ ਹੋਣ ਦਿੰਦੇ।



Sri Satguru Jagjit Singh Ji eLibrary NamdhariElibrary@gmail.com

# ਹਰਨਾਮ ਸਿੰਘ ਨਾਜ਼

—ਸਵਿਤੋਜ

ਸਾਥੀਓ ਕਦੇ ਮੇਰੀ ਗ਼ੈਰਹਾਜ਼ਰੀ ਨਾ ਲਾਉਣੀ
ਮੈਂ ਕਿਸੇ ਹੋਰ ਜੂਨ ਦੀ ਕਤਾਰ ਵਿਚ
ਗੁਆਚਾ ਖੜਾ ਸਾਂ
ਤੇ ਪਰਤ ਆਉਣ ਲਈ ਰਾਹ ਨਹੀਂ ਸੀ ਲੱਭਦਾ।

ਲਗਦਾ ਹੈ ਉਹ ਹੁਣੇ ਕਿਧਰੋਂ ਆਏਗਾ ਤੇ ਉਪਰੋਕਤ ਸਤਰਾਂ ਸੁਣਾਏਗਾ। ਪਰ ਨਹੀਂ......।

ਗ਼ੈਰਹਾਜ਼ਰੀ ਦਾ ਫ਼ਿਕਰ। ਸਾਥੀਆਂ 'ਚ ਹਾਜ਼ਰ ਹੋਣ ਦੀ ਇੱਛਾ। ਮਨੁੱਖ ਦੀ ਮੁੱਢਲੀ ਕਮਜ਼ੋਰੀ। ਇੱਕੋ ਜੂਨ ਦਾ ਨਸ਼ਾ, ਬਾਕੀ ਸਭ ਚੁਰਾਸੀ ਦਾ ਚੱਕਰ। ਲੇਖਕ ਲਈ ਇੱਕੋ ਰਾਹ ਲਿਖਤ ਦਾ। ਲਿਖਤ ਵਿਚ ਲੇਖਕ ਹਾਜ਼ਿਰ, ਲੇਖਕ ਗ਼ੈਰਹਾਜ਼ਿਰ ਲਿਖਤ ਹਾਜ਼ਿਰ। ਹਰਨਾਮ ਸਿੰਘ ਨਾਜ਼ ਦੀ ਗ਼ੈਰਹਾਜ਼ਿਰੀ ਵਿਚ ਅੱਜ ਉਸਦੀਆਂ ਲਿਖਤਾਂ ਹਾਜ਼ਿਰ ਹਨ।

ਹਰਨਾਮ ਸਿੰਘ ਨਾਜ਼ ਬਹੁਪੱਖੀ ਸਾਹਿਤਕਾਰ ਸਨ। ਉਨ੍ਹਾਂ ਵਿਭਿੰਨ ਸਾਹਿਤ-ਰੂਪਾਂ 'ਤੇ ਕਲਮ ਅਜ਼ਮਾਈ। ਕਵਿਤਾ, ਕਹਾਣੀ ਨਿਬੰਧ ਤੇ ਅਨੁਵਾਦ ਦਾ ਕੰਮ ਕੀਤਾ। ਉਨ੍ਹਾਂ ਦੀ ਕਵਿਤਾ, ਪੰਜ ਨਦੀਆਂ ਦੀ ਨਾਰ, ਗ਼ਮਾਂ ਦੀ ਆਰਜ਼ਾ, ਨਾਜ਼ੋ, ਥਲ ਦਾ ਸੂਰਜ, ਪਿਉਂਦ, ਅੱਖਰਾਵਲੀ ਆਦਿ ਕਾਵਿ ਪੁਸਤਕਾਂ ਵਿਚ ਦਰਜ ਹੈ। ਦੋ ਕਹਾਣੀ-ਸੰਗ੍ਰਹਿ ਅੱਕ ਤੇ ਥੋਰ੍ਹ ਅਤੇ ਸੈਲ ਪੱਥਰ ਮਹਿੰ..ਪ੍ਰਕਾਸ਼ਿਤ ਹੋ ਚੁੱਕੇ ਹਨ। ਪ੍ਰਸਿੱਧ ਰੂਸੀ ਲੇਖਕ ਗਗੋਲ ਦੇ ਨਾਟਕ 'ਓਵਰ ਕੋਟ' ਅਤੇ ਰਾਜਿੰਦਰ ਸਿੰਘ ਬੇਦੀ ਦੇ ਨਾਵਲ 'ਇੱਕ ਚਾਦਰ ਅੱਧੋਰਾਣੀ' ਦਾ ਅਨੁਵਾਦ ਕੀਤਾ। 'ਮਿੱਟੀ ਦੇ ਬੋਲ' ਲੇਖ-ਸੰਗ੍ਰਹਿ ਹੈ। ਮਰਨ ਉਪਰੰਤ ਹੁਣੇ ਹੁਣੇ ਉਨ੍ਹਾਂ ਦਾ ਇੱਕ ਲੇਖ-ਸੰਗ੍ਰਹਿ 'ਚਕਲਿਆਂ ਦੇ ਰਾਹ' ਪ੍ਰਕਾਸ਼ਤ ਹੋਇਆ ਹੈ।

ਅੱਜ ਤੋਂ ਪੰਜ ਵਰ੍ਹੇ ਪਹਿਲਾਂ ੧੧ ਜੁਲਾਈ ੧੯੮੫ ਨੂੰ ਨਾਜ਼ ਸਾਹਿਬ ਅਕਾਲ ਚਲਾਣਾ ਕਰ ਗਏ। ਮੈਨੂੰ ਯਾਦ ਆ ਰਹੇ ਨੇ ਉਹ ਦਿਨ—ਇਕ ਐਤਵਾਰ ਦੀ ਸਵੇਰ—ਜਲੰਧਰ ਬੱਸ ਅੱਡੇ 'ਤੇ ਮੈਂ ਪੰਜਾਬੀ ਦੇ ਸਾਰੇ ਅਖ਼ਬਾਰ ਇਸ ਆਸ ਨਾਲ ਫਿਰੋਲੇ ਕਿ ਨਾਜ਼ ਸਾਹਿਬ ਬਾਰੇ ਕੋਈ ਸੰਪਾਦਕੀ ਜਾਂ ਹੋਰ ਲੇਖ ਛਪਿਆ ਹੋਵੇਗਾ ਪਰ ਕਿਤੇ ਨਹੀਂ ਸੀ। ਹਾਂ 'ਅਜੀਤ' ਅਖ਼ਬਾਰ 'ਚ ਕਾਫ਼ੀ ਚਿਰ ਬੰਬਈ ਰਹਿ ਕੇ ਆਏ ਕਹਾਣੀਕਾਰ ਪ੍ਰੀਤਮ ਨੇ ਨਾਜ਼ ਸਾਹਿਬ ਨਾਲ ਆਪਣੀਆਂ ਕੁਝ ਯਾਦਾਂ ਤਾਜ਼ਾ ਕੀਤੀਆਂ ਸਨ। ਇਕ ਸ਼ਾਮ ਮੈਂ ਪ੍ਰੇਮ ਪ੍ਰਕਾਸ਼ ਦੇ ਘਰ ਸਾਂ। ਉਨ੍ਹਾ ਨਾਲ ਗੱਲਬਾਤ ਦੌਰਾਨ ਨਾਜ਼ ਸਾਹਿਬ ਦੇ ਚਲਾਣੇ ਦਾ ਜ਼ਿਕਰ ਆਇਆ ਤਾਂ ਪ੍ਰੇਮ ਪ੍ਰਕਾਸ਼ ਨੇ ਕਿਹਾ :—

"ਨਾਜ਼ ਸਾਹਿਬ ਕਈ ਵਾਰ ਉਨ੍ਹਾਂ ਦੇ ਘਰ ਆਏ। ਬਹੁਤ ਚੰਗੇ ਸਾਊ ਸੁਭਾਅ ਆਦਮੀ ਸਨ। ਮੈਨੂੰ ਉਨ੍ਹਾਂ ਦੀ ਸ਼ਾਇਰੀ ਪਸੰਦ ਹੈ ਆਦਿ ਗੱਲਾਂ ਹੁੰਦੀਆਂ ਰਹੀਆਂ ਤੇ ਪਤਾ ਲੱਗਾ ਕਿ ਜਲੰਧਰ ਉਨ੍ਹਾਂ ਦਾ ਕਾਫ਼ੀ ਆਉਣ ਜਾਣ ਸੀ। ਵਾਲੀਬਾਲ ਦਾ ਨੈਸ਼ਨਲ ਪੱਧਰ ਦਾ ਖਿਡਾਰੀ 'ਸੱਜਨ' ਉਨ੍ਹਾਂ ਦਾ ਜਵਾਈ ਹੈ।

ਮਾਰਚ ੧੯੮੩ ਦੀ ਗੱਲ। ਮੈਂ ਬੰਬਈ ਸਾਂ। ਸੁਖਬੀਰ ਨਾਲ ਇਕ ਲੰਮੀ ਮੁਲਾਕਾਤ ਹੋਈ। ਉਸ ਤਿੰਨ ਲੇਖਕਾਂ ਦੇ ਪਤੇ ਉਚੇਚੇ ਮੈਨੂੰ ਲਿਖ ਕੇ ਦਿਤੇ, ਸ੍ਰੀਮਤੀ ਸੰਤੋਸ਼ ਸਾਹਨੀ, ਗੁਲਜ਼ਾਰ ਅਤੇ ਹਰਨਾਮ ਸਿੰਘ ਨਾਜ਼ ਦੇ, ਤੇ ਕਿਹਾ ਮੈਂ ਇਨ੍ਹਾਂ ਨੂੰ ਜ਼ਰੂਰ ਮਿਲਾਂ। ਪਰ ਉਥੇ ਰੁਝੇਵੇਂ ਏਨੇ ਸਨ ਕਿ ਮੈਂ ਚਾਹੁੰਦਿਆਂ ਹੋਇਆਂ ਵੀ ਨਾਜ਼ ਸਾਹਿਬ ਨੂੰ ਮਿਲ ਨਾ ਸਕਿਆ। ਸੁਖਬੀਰ ਹੁਰਾਂ ਨੇ ਉਨ੍ਹਾਂ ਦੀ ਸ਼ਾਇਰੀ ਦੀ ਗੱਲ ਕਰਦਿਆਂ ਜਿੱਥੇ ਤਾਰੀਫ਼ ਕੀਤੀ ਉਥੇ ਉਨ੍ਹਾ ਨੂੰ ਅਤਿ ਅਧੁਨਿਕ ਸ਼ਾਇਰਾਂ 'ਚੋਂ ਇਕ ਮੰਨਿਆਂ। ਸੁਖਬੀਰ ਹੁਰਾਂ ਤੋਂ ਹੀ ਮੈਨੂੰ ਪਤਾ ਲੱਗਾ ਕਿ ਭਾਰਤੀ ਕ੍ਰਿਕਟ ਟੀਮ ਦਾ ਇਕ ਵਧੀਆ ਖਿਡਾਰੀ ਬਲਵਿੰਦਰ ਸਿੰਘ ਸੰਧੂ ਨਾਜ਼ ਸਾਹਿਬ ਦਾ ਬੇਟਾ ਹੈ। ਇਕ ਗੱਲ ਹੋਰ ਕਿ ਨਾਜ਼ ਸਾਹਿਬ ਨਵੇਂ ਲੇਖਕਾਂ ਨੂੰ ਬੜੇ ਤਪਾਕ ਨਾਲ ਮਿਲਦੇ ਨੇ ਖ਼ਾਸਕਰ ਪੰਜਾਬ ਤੋਂ ਆਏ ਨਵੇਂ ਲੇਖਕਾਂ ਨੂੰ। ਕਾਸ਼ ਮੈਂ ਉਸ ਲੇਖਕ ਨੂੰ ਮਿਲਿਆ ਹੁੰਦਾ ਵੇਖਿਆ ਹੁੰਦਾ ਜਿਸਦੀਆਂ ਲਿਖਤਾਂ ਨਾਲ ਮੇਰੀ ਇਕ ਲੰਮੀ ਸਾਂਝ ਰਹੀ ਹੈ। ਲਗ ਭਗ ਵੀਹ ਵਰ੍ਹੇ ਲੰਮੀ ਸਾਂਝ।

੧੯੭੩-੭੪ ਦੀ ਗੱਲ ਹੈ। ਮੈਂ ਬੇਹੱਦ ਬਿਮਾਰ ਸਾਂ। ਲਿਖ ਨਹੀਂ ਸੀ ਹੁੰਦਾ ਪਰ ਪੜ੍ਹ ਕਾਫ਼ੀ ਲੈਂਦਾ ਸਾਂ। ਉਦੋਂ ਆਰਸੀ ਵਿਚ ਨਾਜ਼ ਸਾਹਿਬ ਦੀਆਂ ਨਜ਼ਮਾਂ ਅਕਸਰ ਛਪਦੀਆਂ ਸਨ। ਨਾਜ਼ ਸਾਹਿਬ ਦੀਆਂ ਨਜ਼ਮਾਂ ਪੜ੍ਹਕੇ ਮੈਂ ਇਕੋ ਸਤਰ ਲਿਖੀ ਜੋ ਬੇਹੱਦ ਭਾਵੁਕ ਸੀ, ਜੋ ਆਰਸੀ ਵਿਚ ਛਪੀ ਵੀ,'ਨਾਜ਼ 'ਤੇ ਜਿਨ੍ਹਾਂ ਨਾਜ਼ ਕਰੀਏ ਥੋੜ੍ਹਾ ਹੈ'।

ਪੰਜਾਬ 'ਚ ਮੈਂ ਜਿੱਥੇ ਕਿਤੇ ਵੀ ਨਾਜ਼ ਸਾਹਿਬ ਦਾ ਉਨ੍ਹਾਂ ਦੀਆ ਲਿਖਤਾਂ ਦਾ ਜ਼ਿਕਰ ਕੀਤਾ ਇਕੋ ਫਿਕਰਾ ਮੈਨੂੰ ਮੁੜ ਮੁੜ ਸੁਣਨ ਨੂੰ ਮਿਲਿਆ ਕਿ ਉਹ ਚੰਗੇ ਲਿਖਾਰੀ ਸਨ ਪਰ ਉਨ੍ਹਾਂ ਦਾ ਕੋਈ ਬਹੁਤਾ ਚਰਚਾ ਨਹੀਂ ਹੋਇਆ। ਉਹ ਗੁਟਬਾਜ਼ ਨਹੀਂ ਸਨ। ਉਹ ਪੰਜਾਬ ਤੋਂ ਦੂਰ, ਇੱਥੋਂ ਦੀ ਸਾਹਿਤਕ ਫ਼ਿਜ਼ਾ ਤੋਂ ਦੂਰ ਬੰਬਈ ਬੈਠੇ ਸਨ। ਪਰ ਲੋਕਾਂ 'ਚ ਉਹ ਕਿਸ ਤਰ੍ਹਾਂ ਪ੍ਰਸਿੱਧ ਸਨ ਇਸ ਦੀ ਇਕ ਮਿਸਾਲ—ਮੇਰੇ ਇਕ ਕੁਲੀਗ ਸਰਦਾਰਜੀਤ ਬਾਵਾ ਨੇ ਉਨ੍ਹਾਂ ਦੀ ਇਕ ਨਜ਼ਮ ਮੈਨੂੰ ਪੂਰੀ ਦੀ ਪੂਰੀ ਜ਼ੁਬਾਨੀ ਸੁਣਾਈ ਤੇ ਦਸਿਆ ਕਿ ਨੌਜੁਆਨ ਕਲਾਕਾਰਾਂ ਦੀ ਉਹ ਬਹੁਤ ਮਦਦ ਕਰਦੇ ਸਨ। ਅੰਮ੍ਰਿਤਪਾਲ (ਬੁੱਧ ਸਿੰਘ) ਜਿਹੜਾ ਕਿ ਨਹਿਰੂ ਬਾਰੇ ਵਿਦੇਸ਼ੀ ਸਹਿਯੋਗ ਨਾਲ ਬਣੀ ਫਿਲਮ ਵਿਚ ਕਾਫ਼ੀ



Sri Satguru Jagjit Singh Ji eLibrary NamdhariElibrary@gmail.com

ਮਹੱਤਵਪੂਰਨ ਰੋਲ ਨਿਭਾ ਚੁੱਕਾ ਹੈ, ਬਲਰਾਜ ਸਾਹਨੀ ਹੋਰਾਂ ਨੇ ਉਸਦੀ ਨਾਜ਼ ਹੁਰਾਂ ਕੋਲ ਸਿਫ਼ਾਰਸ਼ ਕੀਤੀ ਸੀ ਨੌਕਰੀ ਲਈ ਤੇ ਨਾਜ਼ ਸਾਹਿਬ ਨੇ ਅੰਮ੍ਰਿਤਪਾਲ ਨੂੰ ਨੌਕਰੀ ਦਿਵਾਉਣ 'ਚ ਕਾਫ਼ੀ ਹਿੱਸਾ ਪਾਇਆ।

ਨਾਜ਼ ਸਾਹਿਬ ਨਾਲ ਮੇਰਾ ਨਾਤਾ ਨਿਰੋਲ ਲੇਖਕ ਤੇ ਪਾਠਕ ਦਾ ਰਿਹਾ। ਉਨ੍ਹਾਂ ਦੀ ਇਕ ਕਾਵਿ-ਪੋਥੀ ਹੈ ਗ਼ਮਾਂ ਦੀ ਆਰਜ਼ਾ, ਜਿਸ ਵਿਚੋਂ ਤਕਰੀਬਨ ਸਾਰੀਆਂ ਨਜ਼ਮਾਂ ਜੰਗ ਦੇ ਖਿਲਾਫ਼ ਲਿਖੀਆਂ ਗਈਆਂ ਨੇ। ਵਿਸ਼ੇ ਪੱਖ ਤੋਂ ਇਹ ਇਕ ਮਹੱਤਵਪੂਰਨ ਗੱਲ ਹੈ ਕਿ ਪੂਰੀ ਦੀ ਪੂਰੀ ਪੁਸਤਕ ਜੰਗ ਦੇ ਖਿਲਾਫ਼ ਕਵਿਤਾ 'ਚ ਲਿਖੀ ਹੋਈ। ਸੁਰ ਭਾਵੇਂ ਉੱਚਾ ਹੈ ਪਰ ਕਲਾਤਮਕ ਪੱਖੋਂ ਊਣੀ ਨਹੀਂ ਕਵਿਤਾ। ਓਹ ਕੇਹੀ ਅਵਸਥਾ ਹੁੰਦੀ ਹੈ ਤੇ ਕੇਹੀ ਵਿਵਸਥਾ ਜਦ :—

ਸੁੱਭਰ ਬਾਗ਼
ਫੁਲਕਾਰੀਆਂ ਤੇ ਵਰੀਆਂ
ਮੌਲੀਆਂ ਮਹਿੰਦੀਆਂ ਤੇ ਕਲੀਰੇ
ਗੋਟੇ ਤਿੱਲੇ ਤੇ ਕਿਨਾਰੀਆਂ
ਹੱਟੀਆਂ ਤੇ ਸਹਿਮੀਆਂ ਬੈਠੀਆਂ ਨੇ।

ਇਸੇ ਤਰ੍ਹਾਂ ਕਾਲੀਦਾਸ ਨੂੰ ਇਕ ਸਵਾਲ :

ਕਾਲੀਦਾਸ ਦੇ 'ਮੇਘਦੂਤ' ਦੇ ਹਿਰਦੇ ਦੀ ਗੱਲ
ਨਿਰਛਲ ਵਰਖਾ ਦੇ ਵਿਚ ਭਿੱਜਦੇ
ਕਦ ਰੁੱਤਾਂ ਦਾ ਦਰਦ ਪਛਾਣਨਗੇ
ਕਾਲੀਦਾਸ, ਦੇਸ ਤੇਰੇ ਦੇ ਲੋਕ ?

ਹਰਨਾਮ ਸਿੰਘ ਨਾਜ਼ ਹੁਰਾਂ ਦੀ ਕਵਿਤਾ ਦੇ ਬਹੁਤ ਸਾਰੇ ਪਹਿਲੂ ਹਨ, ਪੱਖ ਹਨ। ਪਰ ਮੈਨੂੰ ਉਨ੍ਹਾਂ ਦੀ ਕਵਿਤਾ ਵਿਚਲਾ ਦਾਰਸ਼ਨਿਕ ਪੱਖ ਵਧੇਰੇ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਦਾ ਜੀਵਨ ਦਰਸ਼ਨ ਭਾਰਤੀ ਸਭਿਅਤਾ, ਸਭਿਆਚਾਰ ਤੇ ਸੰਸਕ੍ਰਿਤੀ ਦੇ ਅੰਦਰ ਅੰਦਰ ਵਿਗਸਦਾ, ਬਿਨਸਦਾ ਹੈ :

ਜ਼ਰਾ ਰੁਕ ਕੇ ਵੇਖ ਆਪਣੇ ਬਚਪਨ ਦੇ ਸਖਾ
ਖੇਤ ਖੂਹ, ਖਾਲ ਤੇ ਆੜਾਂ
ਸੂਏ ਤੇ ਠੋਕ੍ਰਾਂ, ਡੰਡੀਆਂ ਤੇ ਪਹੇ
ਫਸਲਾਂ ਤੇ ਰੁੱਖ,ਬਲਦ ਤੇ ਘੋੜੇ,ਮੱਝਾਂ ਤੇ ਗਾਈਆਂ
ਬੰਸਰੀਆਂ ਤੇ ਅਲਗੋਜ਼ੇ
ਵਾਰਸ ਦੀ ਹੀਰ
ਪੀਲੂ ਦਾ ਮਿਰਜ਼ਾ
ਝੰਗ ਦੇ ਢੋਲੇ
ਦੁੱਲੇ ਦੀ ਵਾਰ......
ਕੀ ਇਹ ਸਾਰੇ ਤੈਨੂੰ ਰੋਕ ਨਹੀਂ ਸਕਦੇ ?
... ... ...
ਹੱਛਾ ਵਾਹ ਭਲਾ
ਪਰ ਏਨਾ ਤਾਂ ਦਸਦ ਜਾਹ ਇਸ ਮੱਟੀ ਨੂੰ
ਮੇਰੀ ਮਿੱਟੀ ਦੇ ਮੋਹ ਨੂੰ ਤੋੜਨ ਵਾਲਿਆ
ਕੀ ਤੂੰ ਕਿਸੇ ਕੀਮਤ 'ਤੇ ਰੁਕ ਸਕਦਾ ਏਂ ?

ਉਪਰੋਕਤ ਸਤਰਾਂ ਵਿਚ ਉਹ ਵਿਸ਼ਵ ਵਿਆਪੀ... ਸੱਚ ਦੇ ਰੂਬਰੂ ਹੈ। ਮੌਤ ਇਕ ਅਟੱਲ ਸੱਚਾਈ ਹੈ। ਕੋਈ ਵੀ ਵਿਅਕਤੀ ਕਿਸੇ ਵੀ ਕੀਮਤ 'ਤੇ ਸਦਾ ਸਦਾ ਲਈ ਇਥੇ ਰੁੱਕ ਨਹੀਂ ਸਕਦਾ, ਟਿਕ ਨਹੀਂ ਸਕਦਾ। ਨਾਜ਼ ਆਪਣੀਆਂ ਨਜ਼ਮਾਂ ਵਿਚ ਮਨੁੱਖ ਨੂੰ ਇਸ ਸਭ ਕਾਸੇ ਤੋਂ ਚੇਤੰਨ ਹੋ ਕੇ ਜਾਣ ਦੀ ਪ੍ਰੇਰਨਾ ਦਿੰਦੇ ਹਨ। ਜ਼ਿੰਦਗੀ ਉਨ੍ਹਾਂ ਲਈ ਯੁੱਧ ਦਾ ਮੈਦਾਨ ਹੈ ਤੇ ਲੜਨਾ ਹਰ ਇਨਸਾਨ ਦਾ ਪਰਮ ਧਰਮ। ਉਨ੍ਹਾਂ ਦੀ ਇਕ ਨਜ਼ਮ 'ਕੰਧਾਂ' ਵੇਖੋ :

ਜ਼ਿੰਦਗੀ ਦੀ ਭੀੜੀ ਗਲੀ ਵਿਚ
ਤਕਦੀਰ ਦਾ ਸ਼ਬਦ ਖੜਾ ਹੈ ਕੰਧ ਬਣਕੇ
ਬੰਦਾ ਲੰਘ ਕਿਉਂ ਜਾਵੇ।
ਨਜ਼ਰ ਦੇ ਦਿਸਹੱਦੇ ਠੀਕ ਚਾਨਣ
ਉਸ ਤੋਂ ਪਰੇ ਹਨੇਰਾ
ਹਨੇਰਾ ਪਹਾੜ ਵਰਗੀ ਕੰਧ
ਬੰਦਾ ਲੰਘ ਕਿਉਂ ਜਾਵੇ।
ਖ਼ੁਦ ਰਜ਼ਾ ਤਕਦੀਰ
ਹਾਕਮ ਦੀ ਰਜ਼ਾ ਕਾਨੂੰਨ
ਕਾਨੂੰਨ ਦੇ ਕਿਲੇ ਮੂਹਰੇ
ਖੜਾ ਹੈ ਸ਼ਾਹੀ ਲਸ਼ਕਰ
ਬੰਦਾ ਲੰਘ ਕਿਉਂ ਜਾਵੇ।
ਅਸਮਾਨ 'ਤੇ ਰੱਬ ਸੁੱਤਾ
ਜ਼ਮੀਨ 'ਤੇ ਰੁਕੇ ਨਿਰਧਨ
ਦੋਨਾਂ ਵਿਚਕਾਰ ਇਕ ਕੰਧ
ਦੀਵਾਰ ਉੱਤੇ ਕੁਰਾਨ
ਗੀਤਾ, ਗਰੰਥ ਦਾ ਪਹਿਰਾ
ਬੰਦਾ ਲੰਘ ਕਿਉਂ ਜਾਵੇ।

ਇਸ ਨਜ਼ਮ ਵਿਚ ਲੇਖਕ ਦੇ ਅੰਦਰਲਾ ਚਾਨਣ ਲਫਜ਼ਾਂ ਰਾਹੀਂ ਕਾਗਜ਼ਾਂ ਤੇ ਖਿਲਰਿਆ ਪਿਆ ਹੈ। ਇਸ ਰੋਸ਼ਨੀ ਸੰਗ ਅਸੀਂ ਕੁਝ ਦੂਰ ਤੱਕ ਤਾਂ ਚਲ ਹੀ ਸਕਦੇ ਹਾਂ, ਉਸ ਗ਼ੈਰਹਾਜ਼ਿਰ ਦੀ ਹਾਜ਼ਰੀ ਵਿਚ।

੮੦੯/੩
ਹਾਊਸਿੰਗ ਬੋਰਡ ਕਾਲੋਨੀ
ਨੇੜੇ ਮਾਡਲ ਟਾਊਨ—ਜਲੰਧਰ-੩



Sri Satguru Jagjit Singh Ji eLibrary NamdhariElibrary@gmail.com

ਬਬਾਕੀਆਂ

# ਸਾਹਿਤਕ-ਮਾਨਤਾ

—ਲਖਵਿੰਦਰ ਜੌਹਲ

ਨਵੇਂ ਅਤੇ ਉੱਭਰਦੇ ਲੇਖਕਾਂ ਲਈ ਸਾਹਿਤਕ-ਮਾਨਤਾ ਦਾ ਮਸਲਾ ਹਮੇਸ਼ਾ ਬਹੁਤ ਗੰਭੀਰ ਰਿਹਾ ਹੈ। ਸਥਾਪਤੀ ਨੇ ਹਮੇਸ਼ਾ ਹੀ ਨਵੀਆਂ ਫੁਟਦੀਆਂ ਕਲਮਾਂ ਨੂੰ ਜੰਮਦਿਆਂ ਹੀ ਤਰੋੜਨ-ਮਰੋੜਨ ਦਾ ਕਾਰਜ ਬਹੁਤ ਬੇਸਬਰੀ ਨਾਲ ਕੀਤਾ ਹੈ। ਓਨੀ ਹੀ ਬੇਸਬਰੀ ਨਾਲ, ਜਿੰਨੀ ਨਾਲ ਕਈ ਵਾਰੀ ਨਵੇਂ ਲੇਖਕਾਂ ਨੇ ਆਪਣੇ ਆਪ ਨੂੰ ਇਕ ਦਮ ਹੀ ਸਥਾਪਤ ਕਰ ਲੈਣ ਲਈ ਹੱਥ-ਪੈਰ ਮਾਰੇ ਹਨ। ਪਰ ਕੀ ਕਿਸੇ ਦੇ ਰਹਿਮੋ-ਕਰਮ ਨਾਲ, ਕਿਸੇ ਦੇ ਵਿਸ਼ੇਸ਼ ਯਤਨਾਂ ਨਾਲ, ਕਿਸੇ ਵਲੋਂ ਦਿਖਾਈ ਗਈ ਉਦਾਰਤਾ ਨਾਲ ਅਤੇ ਕਿਸੇ ਦੀ ਮਹਿਜ਼ ਦਿਲੀ ਖਾਹਿਸ਼ ਨਾਲ ਹੀ ਕੋਈ ਸਾਹਿਤਕਾਰ ਸਥਾਪਤ ਹੋ ਸਕਦਾ ਹੈ? ਇਹ ਇਕ ਅਜੇਹਾ ਸੁਆਲ ਹੈ ਜਿਸਨੂੰ ਸਮਝਣਾ ਵੀ ਓਨਾ ਹੀ ਮੁਸ਼ਕਲ ਹੈ ਜਿੰਨਾ ਸਥਾਪਤੀ ਦੀ ਪਰਿਭਾਸ਼ਾ ਨੂੰ ਅੰਕਿਤ ਕਰਨਾ।

ਪ੍ਰਕਾਸ਼ਕਾਂ-ਆਲੋਚਕਾਂ ਅਤੇ ਸਾਹਿਤਕ-ਜਥੇਦਾਰਾਂ ਦੀ ਤੀਹਰੀ ਜਕੜ ਵਿਚ ਫਸਿਆ ਹੋਇਆ ਹਰ ਨਵਾਂ ਲੇਖਕ ਆਪਣੇ ਲੇਖਣ-ਕਾਰਜ ਤੋਂ ਵਧੇਰੇ ਸਮਾਂ ਉਹਨਾਂ ਪ੍ਰਬੰਧ-ਕਾਰਜਾਂ ਵਿਚ ਗੁਆਉਂਦਾ ਹੈ ਜਿਨ੍ਹਾਂ ਕਰਕੇ ਉਸਦੀ ਲੇਖਣੀ ਨੇ ਛਪਣ ਅਤੇ ਪਾਠਕਾਂ ਤੱਕ ਪਹੁੰਚਣ ਤੱਕ ਹੀ ਰਸਮ ਪੂਰੀ ਕਰਨੀ ਹੁੰਦੀ ਹੈ। ਪ੍ਰਕਾਸ਼ਕ ਨਵੇਂ ਤਾਂ ਕੀ ਲਗਪਗ ਹਰ ਲੇਖਕ ਦੀ ਕਿਤਾਬ ਨੂੰ ਛਾਪਣਾ ਲੇਖਕ ਉਤੇ ਬਹੁਤ ਵੱਡਾ ਅਹਿਸਾਨ ਕਰਨਾ ਸਮਝਦਾ ਹੈ। ਘਰ ਫੂਕ ਕੇ ਤਮਾਸ਼ਾ ਵੇਖਣ ਦੀ ਮਜਬੂਰੀ ਹੰਢਾਉਂਦਾ ਲੇਖਕ, ਕੋਲੋਂ ਪੈਸੇ ਖਰਚ ਕੇ ਕਿਤਾਬ ਛਪਵਾਉਂਦਾ ਹੈ ਅਤੇ ਬਾਅਦ ਵਿਚ ਆਪਣੀ ਹੀ ਕਿਤਾਬ ਦਾ ਮੁੱਖ ਵੇਖਣ ਲਈ ਤਰਸਦਾ ਹੋਇਆ ਪ੍ਰਕਾਸ਼ਕਾਂ ਦੇ ਦੁਆਰ ਉਤੇ ਗਿੜਗੜਾਉਂਦਾ ਹੈ।

ਬੜੀ ਮੁਸ਼ਕਲ ਨਾਲ ਪ੍ਰਾਪਤ ਕੀਤੀਆਂ ਆਪਣੀਆਂ ਕਿਤਾਬਾਂ ਦੀ ਸ਼ੀਰਨੀ ਵੰਡਦਾ ਫਿਰਦਾ ਵਿਚਾਰਾ ਲੇਖਕ ਆਪਣੇ ਆਲੋਚਕ ਪ੍ਰੋਹਤਾਂ ਨੂੰ ਪੂਜਦਾ ਹੋਇਆ ਚਾਰ ਸ਼ਬਦ ਲਿਖਣ ਲਈ ਲਿਲਕੜੀਆਂ ਕਢਦਾ ਹੋਇਆ, ਆਮ ਦਿੱਸਦਾ ਹੈ। ਆਪਣੇ ਆਪ ਵਿਚ ਕਹਿੰਦੇ ਕਹਾਉਂਦੇ ਨਵੇਂ ਲੇਖਕ ਵੀ ਜਿਹੜੇ ਆਪਣੀ ਲੇਖਣੀ ਕਰਕੇ ਆਪਣੀ ਕਿਤਾਬ ਛਪਣ ਤੋਂ ਪਹਿਲਾਂ ਹੀ ਕਾਫ਼ੀ ਚਰਚਾ ਦਾ ਵਿਸ਼ਾ ਬਣੇ ਹੁੰਦੇ ਹਨ ਉਹ ਵੀ ਅਜਿਹਾ ਕਰਨ ਲਈ ਮਜਬੂਰ ਹੁੰਦੇ ਵੇਖੇ ਗਏ ਹਨ। ਸਿਤਮ ਜ਼ਰੀਫ਼ੀ ਇਹ ਹੈ ਕਿ ਸਾਹਿਤਕ ਜਥੇਦਾਰਾਂ ਅਤੇ ਗੋਸ਼ਟੀ-ਮਠਾਂ ਵਲੋਂ ਕੀਤੀਆਂ ਜਾਂਦੀਆਂ ਗੋਸ਼ਟੀਆਂ ਉਤੇ ਆਉਣ ਵਾਲੇ ਖਰਚੇ ਵੀ ਲੇਖਕਾਂ ਤੋਂ ਹੀ ਵਸੂਲੇ ਜਾਂਦੇ ਹਨ। ਇਸ ਦੀ ਇਕ ਤਾਜ਼ਾ ਮਿਸਾਲ ਪਿਛਲੇ ਮਹੀਨਿਆਂ ਵਿਚ ਹੀ ਛਪੀ ਇਕ ਕਿਤਾਬ ਦਾ ਵਿਮੋਚਨ ਸਮਾਰੋਹ ਹੈ। ਜਲੰਧਰ ਸ਼ਹਿਰ ਵਿਚ ਹੀ ਹੋਏ ਇਸ ਵਿਮੋਚਨ ਸਮਾਰੋਹ ਦੀ ਸਾਰੀ ਕਹਾਣੀ ਦੇ ਵਿਸਥਾਰ ਵਿਚ ਨਾ ਵੀ ਜਾਈਏ ਤਾਂ ਵੀ ਇਹ ਖ਼ਬਰ ਤਾਂ ਪੱਕੀ ਹੈ ਕਿ ਉਸ ਪੁਸਤਕ-ਲੇਖਕ ਤੋਂ ਪ੍ਰਬੰਧਕਾਂ ਨੇ ਪੰਜ ਸੌ ਰੁਪਏ ਦੀ ਰਕਮ ਵਿਮੋਚਨ-ਸਮਾਰੋਹ ਵੇਖਣ ਆਏ ਲੇਖਕਾਂ/ਦਰਸ਼ਕਾਂ ਨੂੰ ਚਾਹ ਅਤੇ ਬਿਸਕੁਟ ਖੁਆਉਣ ਲਈ ਹੀ ਵਸੂਲ ਕਰ ਲਈ। ਇਹ ਖਬਰ ਵੀ ਸੱਚ ਹੈ ਕਿ ਸਮਾਰੋਹ ਦਾ ਮੁੱਖ ਪ੍ਰਬੰਧਕ ਸ਼ਰਾਬ ਦੀ ਭੀਖ ਮੰਗਣ ਲਈ ਲੇਖਿਕ ਦੇ ਘਰ ਤੱਕ ਗਿਆ। ਕੀ ਇਹ ਸਭ ਕੁਝ ਜਾਇਜ਼ ਹੈ? ਵਿਚਾਰੇ ਲੇਖਕ ਨੂੰ ਇਹ ਸਭ ਕੁਝ ਕਿਉਂ ਸਹਾਰਨਾ ਪੈਂਦਾ ਹੈ? ਅਤੇ ਕਿਉਂ ਕਰਨਾ ਪੈਂਦਾ ਹੈ? ਕੀ ਇਸ ਤਰ੍ਹਾਂ ਦੇ ਵਿਮੋਚਨ ਸਮਾਰੋਹ ਅਤੇ ਇਸ ਤਰ੍ਹਾਂ ਜਥੇਬੰਦ ਕੀਤੀਆਂ ਜਾਣ ਵਾਲੀਆਂ ਗੋਸ਼ਟੀਆਂ ਦਾ ਸਾਹਿਤਕ-ਮਾਨਤਾ ਵਿਚ ਕੋਈ ਯੋਗਦਾਨ ਹੁੰਦਾ ਹੈ? ਚਾਰ ਦਿਨਾਂ ਦੀ ਅਖ਼ਬਾਰੀ ਚਰਚਾ ਤੋਂ ਬਿਨਾਂ ਇਸ ਸਭ ਕੁਝ ਦਾ ਕੀ ਮਤਲਬ ਹੈ? ਭਾਵੇਂ ਕਿੰਨੇ ਵੀ ਧੂਮਧਾਮ ਨਾਲ ਵਿਮੋਚਨ ਸਮਾਰੋਹ ਹੋ ਜਾਣ ਭਾਵੇਂ ਕਿੰਨੀਆਂ ਵੀ ਧਾਂਸੂ ਗੋਸ਼ਟੀਆਂ ਹੋ ਜਾਣ ਇਸ ਸਭ ਕੁਝ ਦਾ ਲੇਖਣ-ਰਚਨਾ ਅਤੇ ਉਸਦੀ ਮਾਨਤਾ ਨਾਲ ਸ਼ਾਇਦ ਦੂਰ ਦਾ ਵੀ ਵਾਸਤਾ ਨਹੀਂ ਹੈ। ਫੇਰ ਲੇਖਕ ਨੂੰ ਸਾਹਿਤਕ ਜਥੇਦਾਰਾਂ ਦੇ ਰਹਿਮ ਅਤੇ ਆਲੋਚਕ-ਪ੍ਰਭੂਆਂ ਦੀ ਰਾਇ ਦਾ ਗੁਲਾਮ ਕਿਉਂ ਹੋਣਾ ਪੈਂਦਾ ਹੈ। ਲੇਖਕ ਆਪਣੇ ਆਪ ਨੂੰ ਏਨੇ ਕਮਜ਼ੋਰ ਕਿਉਂ ਸਮਝਦੇ ਹਨ? ਅਤੇ ਆਪਣੀਆਂ ਕਿਤਾਬਾਂ ਉਤੇ ਉਨਾ ਚਿਰ ਗੋਸ਼ਟੀ ਦਰ ਗੋਸ਼ਟੀ ਕਿਉਂ ਕਰਵਾਈ ਜਾਂਦੇ ਹਨ ਜਿੰਨਾ ਚਿਰ ਉਹਨਾਂ ਮੁਤਾਬਕ ਕਿਤਾਬ ਦੇ ਹੱਕ ਵਿਚ ਪਰਚੇ ਪੇਸ਼ ਨਹੀਂ ਕੀਤੇ ਜਾਂਦੇ। ਸ਼ਾਇਦ ਇਸੇ ਆਸ ਨਾਲ ਹੀ ਇਸ ਮਹੀਨੇ ਵਿਚ ਓਸੇ ਕਿਤਾਬ ਉੱਪਰ ਇਕ ਗੋਸ਼ਟੀ ਹੋਰ ਕਰਵਾਈ ਗਈ ਜਿਸ ਉਤੇ ਮਾਰਚ ਦੇ ਮਹੀਨੇ ਵਿਚ ਵੀ ਜਲੰਧਰ ਸ਼ਹਿਰ ਵਿਚ ਹੀ ਗੋਸ਼ਟੀ ਹੋਈ ਸੀ। ਜਿੰਨਾ ਚਿਰ ਪੰਜਾਬੀ ਸਾਹਿਤ ਦੀ ਇਹ ਉਲਟ ਦਿਸ਼ਾ ਰਹੇਗੀ ਓਨਾ ਚਿਰ ਸ਼ਾਇਦ ਸਚਮੁੱਚ ਹੀ ਸਾਹਿਤਕ ਮਾਨਤਾ ਦਾ ਮਸਲਾ ਲੇਖਕ ਲਈ ਹਊਆ ਬਣਿਆ ਰਹੇਗਾ ਕਿਉਂਕਿ ਇਹ ਮਾਨਤਾ ਕਿਸੇ ਖਾਹਿਸ਼ ਜਾਂ ਭੀਖ ਦੀ ਮੁਥਾਜ ਨਹੀਂ। ਇਹ ਤਾਂ ਪਾਠਕਾਂ ਦੇ ਮਨ-ਮੰਦਰਾਂ ਵਿਚੋਂ ਫੁੱਟਦਾ ਹੋਇਆ ਉਹ ਚਸ਼ਮਾ ਹੈ ਜਿਸਦੀ ਸਵਛਤਾ ਵਿਚ ਕਿਣਕਾ ਭਰ ਵੀ ਰਲਾ ਨਹੀਂ ਹੈ। ਪਰ ਇਸਦਾ ਆਧਾਰ ਸਿਰਫ ਤੁਹਾਡੀ ਲੇਖਣੀ ਹੈ। ਲੇਖਣੀ ਤੋਂ ਬਾਹਰ ਦਾ ਕੋਈ ਵੀ ਯਤਨ ਬੇਅਰਥ ਹੈ।

੨੦/੨੫ ਗਾਰਡਨ ਕਲੋਨੀ, ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਰੁਸਣਾ ਪ੍ਰਧਾਨ ਮੰਤਰੀ ਦਾ

—ਸਤਨਾਮ ਚਾਨਾ—

ਆਮ ਕਰਕੇ ਹੁੰਦਾ ਇਸ ਤਰ੍ਹਾਂ ਹੈ ਕਿ ਲੋਕ ਆਪਣੀਆਂ ਪ੍ਰਾਪਤੀਆਂ ਦੇ ਸਹਾਰੇ ਆਪਣੀ ਵਡੱਤਣ ਪੈਦਾ ਕਰਦੇ ਹਨ ਪ੍ਰੰਤੂ ਸਾਡੇ ਵਰਤਮਾਨ ਪ੍ਰਧਾਨ ਮੰਤਰੀ ਰੁਸ ਕੇ ਆਪਣੀ ਕੀਮਤ ਪੁਆਉਂਦੇ ਹਨ। ਇਸ ਤਰ੍ਹਾਂ ਕੀਮਤ ਉਹਨਾਂ ਦੀ ਪੈਂਦੀ ਵੀ ਰਹੀ ਹੈ ਜਿਸ ਕਰਕੇ ਰੁਸਣਾ ਸ੍ਰੀ ਵੀ. ਪੀ. ਸਿੰਘ ਦੀ ਆਦਤ ਬਣ ਗਈ ਹੈ। ਉਹਨਾਂ ਦੇ ਵਿਰੋਧੀ ਵੀ ਇਸ ਗਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਉਹ ਸ੍ਰੀ ਸਿੰਘ ਨੂੰ ਰੁਸਾ ਕੇ ਗਦੀ ਹਾਸਲ ਕਰਨਾ ਚਾਹੁੰਦੇ ਹਨ।

ਪ੍ਰੰਤੂ ਇਸ ਵਾਰ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਇਹ ਭੁਲ ਗਏ ਕਿ ਉਹ ੮੦ ਕਰੋੜ ਲੋਕਾਂ ਦੇ ਮੁਖੀ ਹਨ ਅਤੇ ਏਨੇ ਵਡੇ ਅਤੇ ਮਹਾਨ ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੁਸਣ ਦਾ ਕੀ ਅਰਥ ਹੈ। ਸਰਕਾਰ ਦੀ ਪੂਰੀ ਦੀ ਪੂਰੀ ਮਸ਼ੀਨ ਦੋ ਦਿਨ ਬੰਦ ਰਹੀ ਅਥਵਾ ਹਿੰਦੋਸਤਾਨ ਵਿਚ ਦੋ ਦਿਨ ਸਰਕਾਰ ਨਹੀਂ ਸੀ। ਅਜਿਹੇ ਮੌਕਿਆਂ ਉਤੇ ਦੇਸ਼ ਵਿਚ ਹਫਰਾਤਫਰੀ ਵੀ ਫੈਲ ਜਾਣ ਦਾ ਡਰ ਹੁੰਦਾ ਹੈ। ਪ੍ਰੰਤੂ ਪ੍ਰਧਾਨ ਮੰਤਰੀ ਨੇ ਇਸ ਸਾਰੇ ਕੁਝ ਦੀ ਪ੍ਰਵਾਹ ਨਾ ਕਰਦਿਆਂ ਪੂਰੇ ਦੇਸ਼ ਨੂੰ ਸੰਕਟ ਦੇ ਮੂੰਹ ਧਕੇਲ ਦਿਤਾ। ਸ੍ਰੀ ਸਿੰਘ ਦੇ ਅਸਤੀਫੇ ਦੀ ਪੇਸ਼ਕਸ਼ ਨਾਲ ਉਹਨਾਂ ਦੀ ਬਹਾਦਰੀ ਜਾਂ ਤਿਆਗ ਦੀ ਸ਼ਕਤੀ ਪ੍ਰਗਟ ਨਹੀਂ ਹੁੰਦੀ ਸਗੋਂ ਨਿਰਜਿੰਦਤਾ ਸਾਬਤ ਹੁੰਦੀ ਹੈ ਜਿਹੜੀ ਸ੍ਰੀ ਦੇਵੀ ਲਾਲ ਵਰਗੇ ਅਖੜ ਅਤੇ ਸਿਆਸੀ ਸਾਨ੍ਹ ਦੇ ਸਿੰਗਾਂ ਨੂੰ ਹੱਥ ਪਾਉਣ ਦੀ ਹਿੰਮਤ ਨਹੀਂ ਰਖਦੀ। ਇਸ ਨੇ ਸ੍ਰੀ ਵੀ. ਪੀ. ਸਿੰਘ ਦੇ 'ਆਮ ਸਹਿਮਤੀ' ਦੇ ਥੀਸਸ ਨੂੰ ਵੀ ਸ਼ੱਕੀ ਬਣਾ ਦਿਤਾ ਹੈ ਕਿ ਉਹ ਗਲਤ ਨੀਤੀਆਂ ਅਤੇ ਗਲਤ ਜਥੇਬੰਦੀਆਂ ਵਿਰੁਧ ਲੜਨ ਦੀ ਥਾਂ ਪੋਚਾਪਾਚੀ ਨਾਲ ਸਾਰਨਾ ਚਾਹੁੰਦੇ ਹਨ ਜਿਸ ਵਾਸਤੇ ਉਹਨਾਂ ਨੇ "ਆਮ ਸਹਿਮਤੀ" ਸ਼ਬਦ ਦੀ ਦੁਰ-ਵਰਤੋਂ ਕਰ ਲਈ ਹੈ।

ਇਸ ਵਾਰ ਪ੍ਰਧਾਨ ਮੰਤਰੀ ਸ੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਨੇ ਇਕ ਨਹੀਂ ਦੋ ਨਹੀਂ ਕਈ ਫਾਊਲ ਖੇਡੇ। ੮ ਜੁਲਾਈ ਨੂੰ ਸ੍ਰੀ ਸਿੰਘ ਨੇ ਦੇਵੀ ਲਾਲ ਨੂੰ ਖੁਦ ਦਸਿਆ ਕਿ ਓਮ ਪ੍ਰਕਾਸ਼ ਚੌਟਾਲਾ ਨੂੰ ਮੁਖ ਮੰਤਰੀ ਬਨਾਉਣ ਦਾ ਪਧਰਾ ਰਾਹ ਕਿਹੜਾ ਹੈ। ਉਹਨਾਂ ਕਿਹਾ ਕਿ ਮੁਖ ਮੰਤਰੀ ਬਣਾਉਣ ਦਾ ਅਧਿਕਾਰ ਵਿਧਾਇਕਾਂ ਦਾ ਹੈ। ਉਸ ਸਮੇਂ ਉਹਨਾਂ ਨੂੰ ਇਹ ਗਲ ਨਹੀਂ ਸੀ ਭੁਲਣੀ ਚਾਹੀਦੀ ਕਿ ਹਰਿਆਣਾ ਜਨਤਾ ਦਲ ਦੇ ਸਾਰੇ ਵਿਧਾਇਕ ਸ੍ਰੀ ਦੇਵੀ ਲਾਲ ਦੀ ਜੇਬ ਵਿਚ ਹਨ। ਇਸ ਤੋਂ ਵੀ ਅਗੇ ਪ੍ਰਧਾਨ ਮੰਤਰੀ ਨੇ ਸ੍ਰੀ ਚੌਟਾਲਾ ਦੇ ਮੁਖ ਮੰਤਰੀ ਬਣ ਜਾਣ ਤੋਂ ਅਗਲੇ ਦਿਨ ਵੀ ਓਹੋ ਹੀ ਬਿਆਨ ਦਿਤਾ ਕਿ ਮੁਖ ਮੰਤਰੀ ਬਨਾਉਣੇ ਜਾਂ ਹਟਾਉਣੇ ਵਿਧਾਇਕਾਂ ਦਾ ਕੰਮ ਹੈ ਉਹ ਫੈਸਲੇ ਠੋਸਣ ਦੇ ਖਿਲਾਫ ਹਨ। ਦੋਵੇਂ ਵਾਰ ਹੀ ਪ੍ਰਧਾਨ ਮੰਤਰੀ ਦੇ ਚੌਟਾਲਾ ਨੂੰ ਮੁਖ ਮੰਤਰੀ ਬਨਾਉਣ ਦਾ ਵਿਰੋਧ ਨਹੀਂ ਕੀਤਾ!

ਪ੍ਰਾਪਤ ਰਿਪੋਰਟਾਂ ਅਨੁਸਾਰ ਸਿਆਸੀ ਸੰਕਟ ਪੈਦਾ ਕਰਨ ਲਈ ਪ੍ਰਧਾਨ ਮੰਤਰੀ ਵੀ ਪੀ ਸਿੰਘ ਅਤੇ ਉਸ ਦੇ "ਥੈਂਕ ਟੈਂਕਾਂ" ਨੇ ਬੜਾ ਬਾਰੀਕੀ ਵਿਚ ਪਲਾਟ ਘੜਿਆ ਸੀ। ਇਹਨਾਂ ਮਾਹਰਾਂ ਵਿਚ ਭੂਰੇ ਲਾਲ, ਵਿਨੋਧ ਪਾਂਡੇ ਅਤੇ ਗੁਰੂਮੂਰਥੀ ਵਰਗੇ ਘਾਗ ਸ਼ਾਮਲ ਹਨ। ਯੋਜਨਾ ਵਿਚ ਇਹ ਵੀ ਸ਼ਾਮਲ ਕੀਤਾ ਗਿਆ ਕਿ ਦੇਵੀ ਲਾਲ ਤੋਂ ਖੇਤੀ ਵਜ਼ਾਰਤ ਖੋਹ ਲਈ ਜਾਵੇ। ਪ੍ਰਧਾਨ ਮੰਤਰੀ ਵੀ ਪੀ ਸਿੰਘ ਅਤੇ ਚੌਧਰੀ ਦੇਵੀ ਲਾਲ ਦੇ ੮ ਜੁਲਾਈ ਦੇ ਖਾਣੇ ਦੀ ਬੜੀ ਚਰਚਾ ਹੈ ਜਿਥੇ ਦੋਹਾਂ ਆਗੂਆਂ ਨੇ ਕਈ ਨੁਕਤਿਆਂ ਉਤੇ ਸੌਦੇਬਾਜ਼ੀ ਕੀਤੀ ਜਿਸ ਸੌਦੇਬਾਜ਼ੀ ਬਾਰੇ ਸ੍ਰੀ ਸਿੰਘ ਨੇ ਇਮਾਨਦਾਰੀ ਨਹੀਂ ਦਿਖਾਈ। ਇਸ ਮੀਟਿੰਗ ਵਿਚ ਵੀ ਪੀ ਸਿੰਘ ਚੌਟਾਲਾ ਨੂੰ ਮੁੜ ਮੁਖਮੰਤ੍ਰੀ ਬਣਾਏ ਜਾਣ ਦੇ ਵਿਚਾਰ ਦਾਵਿਰੋਧ ਇਸ ਕਰਕੇ ਵੀ ਨਾ ਕਰ ਸਕੇ ਕਿ ਉਨ੍ਹਾਂ ਨੇ ਖੁਦ ਆਪਣੇ ਭਾਈ ਭਤੀਤਿਆ ਲਈ ਏਹੋ ਕੁਝ ਕੀਤਾ ਹੋਇਆ ਹੈ। ਵੀ ਪੀ ਨੇ ਆਪਣੇ ਪੁਤਰ ਦੇ ਸਹੁਰੇ ਨੂੰ ਬਿਹਾਰ ਤੋਂ ਐਮ ਪੀ ਬਣਾ-ਇਆ। ਵੀ ਪੀ ਨੇ ਖੁਦ ਆਪਣੇ ਸਾਲ਼ੇ ਨੂੰ ਰਾਜਿਸਥਾਨ ਤੋਂ ਐਮ ਐਲ ਏ ਬਣਾਇਆ। ਏਥੋਂ ਤਕ ਕਿ ਸ੍ਰੀ ਸਿੰਘ ਨੇ ਉਸ ਸੰਜੇ ਸਿੰਘ ਨੂੰ ਰਾਜ ਸਭਾ ਵਿਚ ਲਿਆਂਦਾ ਜਿਸ ਉਤੇ ਮਸ਼ਹੂਰ ਬਿੱਡਮੈਨਟਨ ਦੇ ਖਿਡਾਰੀ ਸਯਦ ਮੋਦੀ ਦਾ ਕਤਲ ਕਰਨ ਦਾ ਦੋਸ਼ ਹੈ।

ਇਸ ਤੋਂ ਇਲਾਵਾ ੮ ਤਾਰੀਖ ਦੇ ਰਾਤ ਦੇ ਖਾਣੇ ਉਤੇ ਵੀ ਸਿੰਘ ਨੇ ਚੌਧਰੀ ਨਾਲ ਜਿਹੜਾ ਸੌਦਾ ਕੀਤਾ ਉਸ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਸਨ। ਯੋਜਨਾ ਕਮਿਸ਼ਨ ਦਾ ਨਵਾਂ ਡਿਪਟੀ ਚੇਅਰਮੈਨ ਚੌਧਰੀ ਦੇਵੀ ਲਾਲ ਨਾਲ ਸਲਾਹ ਕਰਕੇ ਬਣਾਇਆ ਜਾਵੇਗਾ। ਦੇਵੀ ਲਾਲ ਦਾ ਰਾਜਸੀ ਸਲਾਹਕਾਰ ਜਾਂ ਤਾਂ ਕੇਂਦਰੀ ਮੰਤਰੀ ਬਣਾਇਆ ਜਾਵੇਗਾ ਜਾਂ ਸਫੀਰ ਬਣਾ ਕੇ ਭੇਜ ਦਿਤਾ ਜਾਵੇਗਾ (ਇਸ ਉਤੇ ਅਮਲ ਕਰ ਦਿਤਾ ਗਿਆ)। ਮੇਹਮ ਦੇ ਮਾਮਲੇ ਵਿਚ ਸੁਪਰੀਮ ਕੋਰਟ ਜਾਂ ਸੀ ਬੀ ਆਈ ਰਾਹੀਂ ਪੜਤਾਲ ਕਰਾਉਣ ਦੇ ਵਾਹਦੇ ਤੇ ਅਮਲ ਨਹੀਂ ਕੀਤਾ ਜਾਵੇਗਾ, ਇਸ ਦੇ ਬਦਲੇ ਵਿਚ ਦੇਵੀ ਲਾਲ ਸੰਜੇ ਸਿੰਘ ਨੂੰ ਰਾਜ ਸਭਾ ਵਿਚ ਲਿਆਉਣ ਉਤੇ ਇਤ-ਰਾਜ਼ ਨਹੀਂ ਕਰੇਗਾ। ਇਸ ਉਤੇ ਵੀ ਅਮਲ ਕੀਤਾ ਗਿਆ।

ਅਜੇ ਵੀ ਇਸ ਗਲ ਨੂੰ ਸਿਧ ਕਰਨਾ ਔਖਾ ਹੋ ਜਾਵੇਗਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਪਦ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਸ੍ਰੀ ਚੌਟਾਲਾ ਦੀ ਚੋਣ ਤੇ ਰੋਸ ਕਰਨ ਲਈ



Sri Satguru Jagjit Singh Ji eLibrary NamdhariElibrary@gmail.com

ਦਿਤਾ ਜਾਂ ਅਰੁਣ ਨਹਿਰੂ, ਆਰਿਫ ਮੁਹੰਮਦ ਖਾਨ ਅਤੇ ਸਤਪਾਲ ਮਲਕ ਵਲੋਂ ਅਸਤੀਫਾ ਦੇ ਦੇਣ ਕਾਰਨ ਪੈਦਾ ਹੋਈ ਬੇਬਸੀ ਕਾਰਨ ਦਿਤਾ ਤਾਂ ਵੀ ਜਿਸ ਵੀ ਸਥਿਤੀ ਵਿਚ ਇਹ ਅਸਤੀਫਾ ਦਿਤਾ ਗਿਆ ਉਹ ਸਾਬਤ ਕਰਦਾ ਹੈ ਕਿ ਜਨਤਾ ਦਲ ਨੇ ਆਪਣਾ ਧੜੇਬੰਦਕ ਮਹਾਂਭਾਰਤ ਪੂਰੇ ਦੇਸ਼ ਨੂੰ ਦਾਅ ਤੇ ਲਾਕੇ ਲੜਿਆ।

ਇਕ ਗੱਲ ਬੜੀ ਸਪੱਸ਼ਟ ਹੈ ਕਿ ਇਹ ਜੰਗ ਵੀ.ਪੀ. ਸਿੰਘ ਨੇ ਨਹੀਂ ਜਿਤਿਆ ਅਤੇ ਨਾ ਹੀ ਇਹ ਉਸਦੇ ਅਸਤੀਫਾ ਸ਼ਸਤਰ ਦਾ ਚਮਤਕਾਰ ਹੈ। ਸਗੋਂ ਇਹ ਜੰਗ ਖੱਬੀਆਂ ਪਾਰਟੀਆ ਅਤੇ ਭਾਰਤੀ ਜਨਤਾ ਪਾਰਟੀ ਨੇ ਜਿੱਤੀ ਹੈ ਜਿਨ੍ਹਾਂ ਨੇ ਵੀ.ਪੀ.ਸਿੰਘ ਨੂੰ ਆਪਣਾ ਪ੍ਰਧਾਨ ਸੈਨਾਪਤੀ ਬਣਾਕੇ ਰਾਜਸਤਾ ਦੀ ਜੰਗ ਲੜੀ ਜਿਨ੍ਹਾਂ ਮੰਤਰੀਆਂ ਨੇ ਉਪਰੋਥਲੀ ਅਸਤੀਫੇ ਦੇ ਕੇ 'ਕੁਰਬਾਨੀ' ਦਾ ਜਜ਼ਬਾ ਦਿਖਾਇਆ ਉਹ ਵਿਸ਼ਵਨਾਥ ਪ੍ਰਤਾਪ ਸਿੰਘ ਨੂੰ ਮੋੜਕੇ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਨਹੀਂ ਲਿਆ ਸਕਦੇ ਸਨ। ਚੌਧਰੀ ਦੇਵੀ ਲਾਲ ਆਖਰ ਤੱਕ ਇਹ ਕਹਿੰਦੇ ਰਹੇ ਸਨ ਕਿ ਉਹ ਹਰਗਿਜ਼ ਵੀ ਚੌਟਾਲਾ ਦੀ ਕੀਮਤ ਉਤੇ ਰਾਜੀਨਾਵਾਂ ਨਹੀਂ ਕਰਨਗੇ। ਇਸ ਦੌਰਾਨ ਦੇਵੀ ਲਾਲ ਧੜੇ ਨੇ ਭਾਜਪਾ ਦੇ ਆਗੂਆਂ ਨਾਲ ਸਲਾਹ ਮਸ਼ਵਰਾ ਵੀ ਕੀਤਾ ਜਿਸ ਤੇ ਭਾਜਪਾ ਨੇ ਤੋੜਕੇ ਜਵਾਬ ਦੇ ਦਿਤਾ। ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਪਹਿਲਾਂ ਹੀ ਵੀ.ਪੀ. ਸਿੰਘ ਦੇ ਹੱਕ ਵਿਚ ਸਟੈਂਡ ਲੈ ਲਿਆ ਸੀ ਅਤੇ ਚੌਟਾਲਾ ਦੇ ਅਸਤੀਫੇ ਦੀ ਮੰਗ ਕੀਤੀ ਸੀ। ਰਾਜਸੀ ਸੰਕਟ ਦੇ ਇਤਿਹਾਸਕ ਪਲਾਂ ਵਿਚ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਖੱਬੀਆਂ ਪਾਰਟੀਆਂ ਅਤੇ ਭਾਜਪਾ ਦੇ ਸਾਂਝੇ ਉਮੀਦਵਾਰ ਸਨ। ਜਾਂ ਇੰਞ ਕਹੋ ਕਿ ਜਨਤਾ ਦਲ ਦੇ ਆਗੂਆਂ ਵਲੋਂ ਮੂਧੇ ਮੂੰਹ ਸੁਟੇ ਗਏ ਸ੍ਰੀ ਵੀ.ਪੀ. ਸਿੰਘ ਨੂੰ ਖੱਬੀਆਂ ਪਾਰਟੀਆਂ ਤੇ ਭਾਜਪਾ ਨੇ ਚੁਕਿਆ ਅਤੇ ਝਾੜਿਆ ਪੂੰਝਿਆ। ਇਹ ਸਨ ਉਹ ਘੜੀਆਂ ਜਿਨ੍ਹਾਂ ਨੇ ਇਤਿਹਾਸ ਸਿਰਜਿਆ।

ਘਬਰਾਹਟ ਭਰੇ ਇਸ ਸਿਆਸੀ ਸੰਕਟ ਵਿਚ ਕਾਂਗਰਸ ਆਈ ਨੇ ਆਪਣੀ ਸਮਰਥਾ ਨਾਲੋਂ ਕਿਤੇ ਵੱਧ ਸਮਝਦਾਰੀ ਦੀ ਵਰਤੋਂ ਕੀਤੀ।

ਤਾਂ ਵੀ ਸੰਕਟ ਅਜੇ ਪੂਰੀ ਤਰ੍ਹਾਂ ਟਲ ਨਹੀਂ ਗਿਆ। ਦੇਵੀ ਲਾਲ ਦਾ ਹਰਿਆਣਾ ਵਿਚ ਤਕੜਾ ਅਧਾਰ ਹੈ ਦੂਜੇ ਪਾਸੇ ਅਨੁਸਾਸ਼ਨ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ ਜਿਸਨੇ ਮੰਤਰੀਆਂ ਦੇ ਅਸਤੀਫਿਆਂ ਉਤੇ ਵਿਚਾਰ ਕਰਨਾ ਹੈ। ਬੋਮਈ ਵਲੋਂ ਕੀਤੇ ਗਏ ਇਸ ਐਲਾਨ ਨੂੰ ਸਾਹਮਣੇ ਰਖਦਿਆਂ ਇਹ ਵੀ ਯਾਦ ਰਖਣਾ ਪੈਂਦਾ ਹੈ ਕਿ ਪ੍ਰਧਾਨ ਬੋਮਈ ਦੇਵੀ ਲਾਲ ਦਾ ਬੰਦਾ ਹੈ ਅਤੇ ਚੌਟਾਲਾ ਨੇ ਉਸ ਵਾਸਤੇ ਸਾਰੇ ਦੇਸ਼ ਵਿਚ ਮੁਹਿੰਮ ਚਲਾਈ ਸੀ। +

# ਗ਼ਜ਼ਲ

—ਸੁਰਿੰਦਰ ਸੋਹਲ

ਨੇਤਰਾਂ ਵਿਚ ਸਾਉਣ ਛਾਵੇ, ਰਾਤ ਭਰ।
ਯਾਦ ਤੇਰੀ ਪੈਲ ਪਾਵੇ, ਰਾਤ ਭਰ।

ਬੇਵਫਾ! ਮੇਰੀ ਵਫ਼ਾ ਦਾ ਹੈ ਅਸਰ,
ਚੈਨ ਨਾ ਤੈਨੂੰ ਵੀ ਆਵੇ, ਰਾਤ ਭਰ।

ਬੀਤਦੀ ਹੈ ਰਾਤ ਮੇਰੀ ਰੋਂਦਿਆਂ,
ਹਿਜਰ ਤੇਰਾ ਮੁਸਕਰਾਵੇ, ਰਾਤ ਭਰ।

ਜਿਸ ਨੇ ਦਿਲ ਨੂੰ ਮਾਰੀਆਂ ਸਨ ਠੋਕਰਾਂ,
ਉਸਨੂੰ ਮੇਰਾ ਦਿਲ ਧਿਆਵੇ, ਰਾਤ ਭਰ।

ਬੇਖ਼ਬਰ, ਮਦਹੋਸ਼ ਹੋ ਜਾਂਦਾ ਹਾਂ ਮੈਂ,
ਪੀੜ ਜਦ ਲੋਰੀ ਸੁਣਾਵੇ, ਰਾਤ ਭਰ।

ਜਿਸ ਦਿਹਾੜੇ ਤੂੰ ਨਜ਼ਰ ਨਾ ਆਂਵਦੀ,
ਵਸ 'ਚ ਮੇਰਾ ਦਿਲ ਨਾ ਆਵੇ, ਰਾਤ ਭਰ।

ਦਿਨ ਢਲੇ ਹਾਸਾ ਜੋ ਮੇਰਾ ਗੁੰਮਦੈ,
ਫੇਰ ਨਾ ਮੈਨੂੰ ਥਿਆਵੇ, ਰਾਤ ਭਰ।

ਬਖ਼ਸ਼ਦੀ ਸੀ ਸ਼ਕਲ ਜੋ ਦਿਲ ਨੂੰ ਸਕੂਨ,
ਯਾਦ ਉਸ ਦੀ ਦਿਲ ਦੁਖਾਵੇ, ਰਾਤ ਭਰ।

ਇਕ ਗ਼ਜ਼ਲ ਦੇਖੀ ਸੀ 'ਸੋਹਲ' ਹੱਸਦੀ,
ਦਿਲ ਉਦੇ ਹੀ ਗੀਤ ਗਾਵੇ, ਰਾਤ ਭਰ।

ਪਿੰਡ ਸੰਗਲ ਸੋਹਲ
ਡਾ: ਮੰਡ (ਜਲੰਧਰ)



Sri Satguru Jagjit Singh Ji eLibrary NamdhariElibrary@gmail.com

# ਕਾਲਾ ਇਲਮ

**—ਕਿਰਪਾਲ ਕਜ਼ਾਕ**

ਪਿੰਡੋਂ ਬਾਹਰ ਉਨ੍ਹਾਂ ਦਾ ਡੇਰਾ ਸੀ। ਨਿੱਕੀਆਂ ਨਿੱਕੀਆਂ ਢਾਲਵੀਆਂ ਛੰਨਾਂ, ਕਦੇ ਦੋ ਟੱਬਰੀਆਂ ਵੱਸ ਜਾਂਦੀਆਂ, ਕਦੇ ਉੱਜੜ ਜਾਂਦੀਆਂ। ਸ਼ਾਇਦ ਉਹ ਵੰਡ ਤੋਂ ਵੀ ਪਹਿਲੋਂ ਕਿਧਰੋਂ ਆ ਕੇ ਵੱਸੇ ਸਨ। ਕੋਈ ਉਨ੍ਹਾਂ ਨੂੰ ਗਬੀਲ ਆਖਦਾ, ਕੋਈ ਬੌਰੀਏ...ਪਰ ਉਹ ਆਪਣੇ ਆਪ ਨੂੰ ਜੋਗੀ ਦੱਸਦੇ; ਉਹ ਤਰ੍ਹਾਂ ਤਰ੍ਹਾਂ ਦੇ ਕੰਮ ਕਰਦੇ ਪਰ ਭਗਵੇ ਲੀੜੇ ਪਾਉਂਦੇ। ਸ਼ਿਕਾਰੀ ਕੁੱਤੇ ਪਾਲਣ ਤੋਂ ਲੈ ਕੇ ਤਾਰਾਂ ਦੇ ਪਿੰਜਰੇ, ਕਾਗਤਾਂ ਦੇ ਡੰਮਰੂ, ਤੀਲ੍ਹਾਂ ਦੇ ਫਨੀਅਰ ਸੱਪ ਬਣਾਉਣ ਅਤੇ ਭੀਖ ਮੰਗਣ ਤੱਕ ਦਾ ਕਿੱਤਾ ਕਰਦੇ।

ਭਾਵੇਂ ਉਹਨਾਂ 'ਚੋਂ ਕਈ ਉੱਠਦੇ ਚੋਬਰ ਪਤਲੂਨਾਂ ਪਾਉਣ ਅਤੇ ਦਿਹਾੜੀ-ਦੱਪਾ ਕਰਨ ਲੱਗ ਪਏ ਸਨ ਪਰ ਫੁੰਮਣ ਅਤੇ ਜੁੰਗਾ 'ਜੋਗੀ' ਕਰਕੇ ਹੀ ਜਾਣੇ ਜਾਂਦੇ। ਦੂਰ-ਦੁਰਾਡੇ ਪਿੰਡਾਂ ਤੱਕ ਉਹਨਾਂ ਦੀ ਭੱਲ ਸੀ। ਤਵੀਤ ਧਾਗੇ ਦੇਣ ਅਤੇ ਓਪਰੀ ਕਸਰ ਠੀਕ ਕਰਨ ਤੋਂ ਇਲਾਵਾ, ਉਹ ਸੰਗਲੀ ਸੁੱਟ ਕੇ ਟੇਵਾ ਲਾਉਣ ਦੇ ਵੀ ਮਾਹਰ ਸਮਝੇ ਜਾਂਦੇ। ਆਪਣੇ ਇਸ ਜੱਦੀ ਕਿੱਤੇ ਵਿਚ ਉਹ ਇਕੋ ਗੁਰੂ ਦੇ ਚਾਟੜੇ ਸਨ। ਏਸੇ ਲਈ ਬੁੱਢੀਆਂ ਠੇਰੀਆਂ ਤੋਂ ਲੈ ਕੇ ਸੱਜ-ਵਿਆਹੀਆਂ ਤਰੀਮਤਾਂ ਤੱਕ ਉਹਨਾਂ ਦੇ ਆਉਣ ਫੇਰੇ ਨੂੰ ਉਡੀਕਦੀਆਂ।

ਕਈ ਪੁੱਜਦੇ ਘਰੀਂ, ਇਥੇ ਦਿਨ-ਦਿਹਾੜੇ ਕਦੀਂ ਚਿੜੀ ਨਹੀਂ ਸੀ ਫਟਕਦੀ ਉਹ ਨਿਆਰੀ ਪਲੰਘਾਂ ਤੇ ਬੈਠੇ ਕਈ ਕਈ ਚਿਲਮਾਂ ਦੀ ਪੱਤ ਫੂਕ ਆਉਂਦੇ। ਪਿੰਡਾਂ ਦੇ ਸਿੱਧੜ ਲੋਕ ਉਹਨਾਂ ਦੇ ਗਲ ਪਈਆਂ ਮਣਕਿਆਂ ਦੀਆਂ ਦੂਹਰੀਆਂ ਚਹੁਰੀਆਂ ਮਾਲਾਂ ਵਿਚ ਭਟਕਦੇ ਬਿੰਦ ਨਾ ਲਾਉਂਦੇ।

ਜੇ ਜੁੰਮਾ ਕਿਸੇ ਦੇ ਘਰ ਤਵੀਤ ਧਾਗੇ ਪੁਆ ਜਾਂ ਦਬਵਾ ਆਉਂਦਾ ਤਾਂ ਆਉਣ ਸਾਰ ਉਹ ਫੁੰਮਣ ਦੇ ਕੰਨ ਵਿਚ ਦੱਸ ਦਿੰਦਾ ਅਤੇ ਸਾਤਾ ਵੀ ਨਾ ਪੈਂਦਾ, ਫੁੰਮਣ ਕਿਸੇ ਪੱਜ ਜਾ ਵੇਹੜੇ ਵਿਚ ਸੰਗਲੀ ਸਿਟਦਾ ਅਤੇ ਤਵੀਤ ਕੱਢ ਕੇ ਅੱਹੁ ਮਾਰਦਾ। ਟੂਣੇ-ਟਾਮਣ ਅਤੇ ਪੀਰਾਂ-ਫਕੀਰਾਂ ਦੇ ਨਾਂ ਹੇਠ, ਚਲੇ ਮੰਤਰ ਫੁਰੇ ਬਾਸ਼ਾ ਦੀ ਲੰਮੀ ਮੁਹਾਰਨੀ, ਸਿਆਣੇ ਲੋਕਾਂ ਦੇ ਵੀ ਕੰਨ ਕੁਤਰਨੋਂ ਦਰੇਗ ਨਾ ਕਰਦੀ।

ਲੋਕਾਂ ਨੂੰ ਕੁੱਕੜ, ਕੱਪੜੇ ਅਤੇ ਸਤਨਾਜੇ ਦਾਣਿਆਂ, ਬਦਲੇ ਵੱਸ ਕਰ ਕਰ ਦਿੱਤੀਆਂ ਬਲਾਈਂ ਦਾ ਡੂੰਘਾ ਭੇਤ, ਦੋਹਾਂ ਵਿਚਾਲੇ ਸਾਂਝਾ ਰਹਿੰਦਾ। ਏਸੇ ਲਈ ਚੁਫੇਰੇ ਦੇ ਪਿੰਡਾਂ ਵਿਚ ਉਹਨਾਂ ਦਾ ਕੇਵਲ ਨਾਂ ਹੀ ਨਹੀਂ ਸੀ ਉੱਚਾ ਹੋਇਆ ਸਗੋਂ ਚਾਰ ਧਮ ਜੁੜ ਜਾਣ ਦੀ ਹੁਸ ਵਿਚ, ਗਗੜਾਂ ਵੀ ਫੂਲ ਗਈਆਂ ਸਨ।

ਪਰ ਪਿਛਲੇ ਕੁਝ ਵਰਿਹਾਂ ਤੋਂ ਹਾਲਾਤ ਪਹਿਲਾਂ ਵਰਗੇ ਨਹੀਂ ਸਨ ਰਹੇ। ਨਵੀਂ ਮੁੰਢੀਰ ਤੋਂ ਉਹਨਾਂ ਨੂੰ ਭੈ ਆਉਣ ਲੱਗਾ ਸੀ। ਉਹ ਪੜ੍ਹੇ ਲਿਖੇ ਮੁੰਡਿਆਂ ਤੋਂ ਪਾਸਾ ਵੱਟ ਕੇ ਲੰਘਦੇ। ਇਹੋ ਕਾਰਨ ਸੀ ਕੇ ਉਹਨਾਂ ਜ਼ਾਹਰਾ ਤੌਰ ਟੂਣੇ-ਟੰਜਰ ਦਾ ਢੌਂਗ ਭੀਖ ਮੰਗਣ ਦੇ ਕਿੱਤੇ ਹੇਠ ਲੁਕਾ ਲਿਆ ਸੀ। ਫਿਰ ਵੀ ਉਹਨਾਂ ਨੂੰ ਲੱਗਦਾ, ਇਹ ਪੜ੍ਹੇ ਲਿਖੇ ਮੁੰਡੇ ਕਿਸੇ ਵੀ ਸਮੇਂ, ਕਿਸੇ ਵੀ ਥਾਂ, ਉਹਨਾਂ ਨੂੰ ਨੰਗਾ ਕਰ ਦੇਣਗੇ।

ਇਸੇ ਭੈਅ ਵਿਚ, ਇਕ ਦੁਪਹਿਰ ਕਿਸੇ ਦੂਰ ਪਿੰਡ ਗਜਾ ਕਰਦਿਆਂ, ਉਹਨਾਂ ਦੋਹਾਂ ਦੇ ਪੈਰ ਪਥਰਾ ਗਏ ਅਤੇ ਸਦਾ ਉਹਨਾਂ ਦੇ ਸੰਘ ਵਿਚ ਹੀ ਦਮ ਤੋੜ ਗਈ।

ਉਹਨਾਂ ਦੇਖਿਆ, ਇੱਕ ਘਰ ਦੇ ਵੇਹੜੇ ਵਿਚ ਨੂੰਹ ਸੱਸ ਲੜ ਰਹੀਆਂ ਸਨ। ਨਾਟਕ ਹੱਥੋਪਾਈ ਦੀ ਸਿਖਰ ਤੇ ਅੱਪੜਿਆ ਖੜ੍ਹਾ ਸੀ। ਉਹ ਸੁਭਾਵਕ ਹੀ ਮੋਢੇ ਤੇ ਬਗਲੀ ਪਾਈ ਪਿੰਡ ਦੀ ਗਲੀ ਵਿਚੋਂ ਲੰਘ ਰਹੇ ਸਨ। ਆਪਸ ਵਿਚ ਲੜਦਿਆਂ, ਨੂੰਹ ਚਰਖਾ ਕੱਤ ਰਹੀ ਸੀ ਅਤੇ ਸੱਸ ਭਾਂਡੇ ਮਾਂਜ ਰਹੀ ਸੀ। ਪਰ ਉਹਨਾਂ ਦੋਹਾਂ ਦੀਆਂ ਨਜ਼ਰਾਂ ਚਰਖੇ ਤੇ ਗੱਡੀਆਂ ਰਹਿ ਗਈਆਂ। ਚਰਖੇ ਦਾ ਸੁਹੱਪਣ ਵੇਖ ਉਹਨਾਂ ਸੋਚਿਆ, ਸ਼ਾਇਦ ਵਹੁਟੀ ਦੇ ਦਾਜ ਵਿਚ ਆਇਆ ਹੋਵੇ। ਜੁੰਮੇ ਨੂੰ ਯਾਦ ਆਇਆ ਸ਼ਾਇਦ ਕਿਸੇ ਅਜਿਹੇ ਚਰਖੇ ਲਈ ਹੀ ਉਸਦੀ ਵਹੁਟੀ ਸਾਰੀ ਉਮਰ ਤਰਸਦੀ ਰਹੀ ਸੀ। ਇਕ ਪਲ ਉਹਨਾਂ ਨੂੰ ਜਾਪਿਆ, ਜਿਵੇਂ ਚਰਖਾ ਉਹਨਾਂ ਦੀ ਚਤੁਰਾਈ ਨੂੰ ਵੰਗਾਰ ਰਿਹਾ ਹੋਵੇ। ਦੋਹਾਂ ਦੀਆਂ ਨਜ਼ਰਾਂ ਜਿਵੇਂ ਇਕ ਦੂਜੇ ਨੂੰ ਕਿਹਾ, ਇਹੋ ਜਹੀ ਝਗੜੇ ਵਾਲੀ ਥਾਂ ਤੋਂ ਠੱਗੀ ਮਾਰਨੀ ਕੀ ਔਖੀ ਸੀ।

ਪਰ ਇਹ ਸੋਚ ਉਹ ਸੁੰਨ ਹੋ ਗਏ ਕਿ ਜਿਸ ਘਰ ਦੀ ਡਿਉਢੀ ਅੱਗੇ ਉਹ ਖੜ੍ਹੇ ਸਨ, ਪਿੰਡ ਦਾ ਸਭ ਤੋਂ ਅੜਬ ਘਰ ਸੀ। ਜਿਥੇ ਮੰਗਤਿਆਂ ਦੀ ਝੋਲੀ ਵਿਚੋਂ ਪਿੰਨਿਆ ਆਟਾ, ਡੰਗਰਾਂ ਦੀ ਖੁਰਲੀ ਵਿਚ ਸੁਟਵਾ ਲਿਆ ਜਾਂਦਾ ਸੀ। ਪੂਰਾ ਖਤਰਾ ਸੀ। ਇਥੋਂ ਤੱਕ ਕਿ ਧੱਪਾ-ਧਰੌਲ ਵੀ ਹੋ ਸਕਦੀ ਸੀ। ਜੁੰਮੇ ਨੇ ਚਰਖਾ ਹਥਿਆਉਣ ਦਾ ਮਨ ਬਣਾ ਲਿਆ। ਪਰ ਫੁੰਮਣ ਯਰਕ ਗਿਆ। ਉਹਨੇ ਜੁੰਮੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਜੁੰਮੇਂ ਦੇ ਜ਼ੇਹਿਨ ਵਿਚ ਦਾਜ਼ ਵਿਚ ਆਇਆ ਰਾਂਗਲਾ ਚਰਖਾ ਇਸ ਕਦਰ ਪੁੜ ਗਿਆ ਕਿ ਉਹ ਸਿਰ-ਧੜ ਦੀ ਬਾਜੀ ਲਾਉਣ ਤੇ ਤੁੱਲ ਗਿਆ। ਫੁੰਮਣ ਪਿੰਡੋਂ ਬਾਹਰ ਤਕੀਏ ਤੇ ਉਡੀਕਣ ਲਈ ਆਖ ਉਹਨੇ ਅਗਲੇ ਹੀ ਬਿੰਦ ਜਾ ਬੂਹੇ ਵਿਚ ਅਲਖ ਜਗਾਈ ਅਤੇ ਟੇਵਾ ਲਾਇਆ,



Sri Satguru Jagjit Singh Ji eLibrary NamdhariElibrary@gmail.com

"ਘਰ ਵਿਚ ਘੋਰ ਕਲੇਸੀ।" ਭੋਰਾ ਭੋਰਾ ਸੱਚ ਸੁਣ ਤੀਵੀਆਂ ਦੰਗ ਰਹਿ ਗਈਆਂ। ਦੂਜੀ ਵੇਰੀ ਸੰਗਲੀ ਸੁਟਦਿਆਂ ਜਦੋਂ ਜੁੰਮੇਂ ਨੇ ਟੇਵਾ ਲਾਉਂਦੇ ਭਿਆਨਕ ਗ੍ਰਹਿਆਂ ਦੀ ਲੰਮੀ ਮੁਹਾਰਨੀ ਛੋਹੀ ਤਾਂ ਸੱਸ ਅੱਖਾਂ ਭਰ ਆਈ। ਵਹੁਟੀ ਵੀ ਠੋਡੀ ਤੇ ਉਂਗਲ ਧਰੀ ਸਿਲ-ਪੱਥਰ ਹੋ ਗਈ। ਘੜੀ ਦੀ ਘੜੀ ਲਈ ਉਹਦੇ ਨੱਕ ਵਿਚਲਾ ਕੋਕਾ ਲਿਸ਼ਕਣੋਂ ਮੱਠਾ ਪੈ ਗਿਆ।

ਜੁੰਮੇ ਨੇ ਜਿੰਨੀ ਵੇਰੀ ਟੇਵਾ ਲਾਇਆ, ਸਿਰਫ਼ ਇਕੋ ਗੱਲ ਦੁਹਰਾਈ "ਭਾਈ ਕਲੇ ਕਲੰਦਰ ਵੱਸੇ, ਘੜਿਓਂ ਪਾਣੀ ਨੱਸੇ।" ਇਸ ਕਲੇ ਨਾਲ ਤਾਂ ਕੁਝ ਵੀ ਤਬਾਹ ਹੋ ਸਕਦਾ ਸੀ। ਭੁੰਏ-ਭਾਂਡਾ...ਮਾਲ ਡੰਗਰ ਜਾਂ ਜਿੰਦ-ਜਾਨ।

ਬੇ-ਕਿਰਕ ਸ਼ਿਕਾਰੀ ਵਾਂਗ ਤੀਰ ਵਿਚਾਲੇ ਹੀ ਛੱਡ ਜਦੋਂ ਜੁੰਮਾ ਬਗਲੀ ਸਮੇਟ ਕੇ ਉੱਠਣ ਲੱਗਾ ਤਾਂ ਸੱਸ ਨੇ ਉਹਦੇ ਪੈਰ ਫੜ ਲਏ। ਨੂੰਹ ਵੀ ਕਿਸੇ 'ਉਪਾਉ' ਲਈ ਹੱਥ ਜੋੜ ਲਏ। ਇਹੋ ਹੀ ਤਾ ਜੁੰਮਾ ਚਾਹੁੰਦਾ ਸੀ। ਦੋਹਾਂ ਦੀ ਸਹਿਮਤੀ ਵੇਖ ਖੁਸ਼ੀ ਉਹਦੇ ਅੰਦਰ ਚਾਂਬੜਾਂ ਪਾ ਉੱਠੀ।

ਵਿਖਾਵੇ ਲਈ ਉਹ ਪਲ ਦੀ ਪਲ ਭੈ-ਭੀਤ ਹੋ ਗਿਆ ਅਤੇ ਉਸ ਅੰਤਰ ਧਿਆਨ ਹੋਣ ਦੀ ਅਜਿਹੀ ਮੁੱਦਰਾ ਬਣਾਈ ਕਿ ਨੂੰਹ ਸੱਸ ਪੈਰੋਂ ਹੀ ਹਿੱਲ ਗਈਆਂ। ਕਾਫ਼ੀ ਲੰਮੀ ਚੁੱਪ ਤੋਂ ਬਾਅਦ ਉਹ ਬੋਲਿਆ :

"ਦੇਖੋ ਭਾਈ ਜੇ ਕਰਾਉਣੈ ਇਸ ਲੜਾਈ ਝਗੜੇ ਦਾ ਉਪਾਅ...ਉਪਾਅ ਤਾਂ ਬਿਲਕੁਲ ਸਿੱਧੈ...ਥੋਡੇ ਘਰੇ ਕੋਈ ਆਇਐ ਦਾਜ 'ਚ ਚਰਖਾ...ਬਸ ਜਿਸ ਰੁੱਖ ਦੀ ਉਹ ਲਕੜ ਹੈ, ਕਦੇ ਓਥੇ ਜਿੰਨ ਈ ਜਿੰਨ ਸਨ। ਜੇ ਮਾਈ ਟੱਬਰ ਦਾ ਭਲਾ ਲੋੜਦੀ ਐਂ...ਜਾਂ ਤਾਂ ਉਹਨੂੰ ਕਿਸੇ ਦੂਜੇ ਪਿੰਡ ਦੀਆਂ ਮਸਾਣਾਂ ਵਿਚ ਫੂਕ ਆਓ, ਜਾਂ ਪੁੰਨ ਕਰ ਦਿਓ।"

ਤਦੇ ਪਤਾ ਲੱਗਾ ਜਦੋਂ ਧੜੀ ਗੁੜ ਤੇ ਚਰਖਾ ਜੁੰਮੇ ਦੇ ਸਿਰ ਤੇ ਸੀ। ਸਦਾ ਲਈ ਬਲਾ ਗਲੋਂ ਲੱਥ ਗਈ ਸੋਚ, ਨੂੰਹ ਸੱਸ ਸ਼ੁਕਰ ਸ਼ੁਕਰ ਕਰ ਰਹੀਆਂ ਸਨ। ਕਿੰਨਾ ਚੰਗਾ ਹੁੰਦਾ ਜੇਕਰ ਇਹ ਜੋਗੀ ਵਰ੍ਹਾ ਪਹਿਲਾਂ ਆਇਆ ਹੁੰਦਾ। ਥੋੜ੍ਹੇ ਚਿਰ ਮਗਰੋਂ ਮਾਈ ਦਾ ਪੁੱਤ ਖੇਤਾਂ ਵਿਚੋਂ ਪਰਤ ਆਇਆ। ਦੋਹਾਂ ਨੇ ਹੁੱਬ ਕੇ ਘਰੋਂ ਕੱਢੀ ਸਾੜ੍ਹ-ਸਤੀ ਬਿਆਨ ਕੀਤੀ। ਮਾਂ ਬੋਲੀ,

"ਪੁੱਤ ਅੱਜ ਤਾਂ ਜਿਵੇਂ ਰੱਬ ਈ ਚੱਲ ਕੇ ਆ ਗਿਆ ਘਰੇ...।"

"ਕੋਰੀ ਠੱਗੀ...।" ਸੁਣਦਿਆਂ ਮੁੰਡਾ ਮੱਚ ਉਠਿਆ। ਉਹਨੂੰ ਤੀਵੀਂ ਅਤੇ ਮਾਂ ਦੀ ਮੂਰਖਤਾ ਤੇ ਰੰਜ ਆਇਆ। ਕੁਝ ਵੀ ਹੋਰ ਪੁੱਛਣ ਸੁਣਨ ਤੋਂ ਪਹਿਲਾਂ ਮੁੰਡਾ, ਸਿਰੋਂ ਉੱਚੀ ਡਾਂਗ ਹੱਥ ਵਿਚ ਘੁੱਟੀ; ਪੈਰੋਂ ਹੀ ਚਰਖਾ ਲੈ ਗਏ ਜੋਗੀਆਂ ਮਗਰ ਨੱਠ ਤੁਰਿਆ।

ਜੁੰਮੇ ਤੇ ਫੁੰਮਣ ਨੇ ਪਿੰਡੋਂ ਨਿਕਲਦਿਆਂ ਹੀ ਤੋਰ ਚੱਕ ਦਿਤੀ ਸੀ। ਜੁੰਮਾ ਇਕ ਤਰ੍ਹਾਂ ਸੱਪ ਦੇ ਮੂੰਹ 'ਚੋਂ ਕੋਡੀ ਧੂਹ ਕੇ ਲਿਆਇਆ ਸੀ। ਪਰ ਜਿਉਂ ਹੀ ਜੁੰਮੇ ਨੇ ਪਿਛਾਂਹ ਪਰਤ ਕੇ ਵੇਖਿਆ, ਉਹਦਾ ਉਤਲਾ ਸਾਹ ਉੱਤੇ ਅਤੇ ਥੱਲਵਾਂ ਥੱਲੇ ਰਹਿ ਗਿਆ। ਸਿਰੋਂ ਉੱਚੀ ਹਵਾ ਵਿਚ ਉਲੱਰਦੀ ਆ ਰਹੀ ਡਾਂਗ ਤੱਕ ਕੇ ਉਹਦੇ ਹੱਥਾਂ ਦੇ ਤੋਤੇ ਉਡ ਗਏ। ਪੈਰ ਮਣ ਮਣ ਭਾਰੇ ਹੋ ਗਏ। ਸਾਹ ਸੰਘ ਵਿਚ ਹੀ ਸੁੱਕ ਗਏ ਅਤੇ ਕੰਬਦੇ ਹੱਥਾਂ ਵਿਚੋਂ ਚਰਖਾ ਭੁੰਏਂ ਤੇ ਜਾ ਡਿਗਿਆ।

ਪਰ ਜਿਚਰ ਭਰਿਆ ਪੀਤਾ ਮੁੰਡਾ ਉਹਨਾਂ ਜੋਗੀਆਂ ਦੇ ਕੋਲ ਅੱਪੜਿਆ, ਅਜਬ ਭਾਣਾ ਵਾਪਰ ਗਿਆ।...

ਮੁੰਡੇ ਨੇ ਦੇਖਿਆ। ਉਹ ਦੋਵੇਂ ਆਪਸ ਵਿਚ ਬੁਰੀ ਤਰ੍ਹਾਂ ਲੜ ਰਹੇ ਸਨ। ਜਿਵੇਂ ਇਕ ਦੂਜੇ ਨੂੰ ਕਤਲ ਕਰ ਦੇਣ ਤੇ ਤੁਲੇ ਹੋਣ। ਮੁੰਡਾ ਠਠੰਬਰ ਕੇ ਖਲੋ ਗਿਆ। ਲੰਮੀ ਡਾਂਗ ਉਹਦੇ ਹੱਥਾਂ ਵਿਚਾਲੇ ਢਿੱਲੀ ਪੈ ਗਈ। ਹੈਰਾਨ ਪਰੇਸ਼ਾਨ ਕਦੇ ਉਹ ਵਾਹਣ ਵਿਚ ਪਏ ਚਰਖੇ ਵੱਲ ਵੇਖੇ, ਕਦੇ ਆਪਸ ਵਿਚ ਲੜਦੇ ਜੋਗੀਆਂ ਵੱਲ...।'

"ਕਿਉਂ ਬਈ ਕੀ ਮਾਜਰੈ ?" ਜਕੋ ਤਕੇ 'ਚ ਉਹ ਬੋਲਿਆ। ਭੱਜੇ ਆਉਣ ਕਾਰਨ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

ਉਹ ਲੜਨੋਂ ਹਟ ਗਏ।

"ਗੱਲ ਕੁਝ ਵੀ ਨਹੀਂ ਸਰਦਾਰਾ !" ਫੁੰਮਣ ਹਫਦਿਆਂ ਬੋਲਿਆ "ਮੈਂ ਇਹਨੂੰ ਹਰਾਮ ਦੇ ਨੂੰ ਆਖਾਂ ਬਈ ਇਹ ਪੱਕੀ ਥਾਂ ਦੀ ਲਕੜ ਐ ਇਹਨੂੰ ਨਾ ਚੁੱਕੀਏ...ਪਰ ਇਹ ਸੂਰ ਦਾ ਬੀ ਪੁੰਨ ਨੂੰ ਪਵੇ ਭੱਜ ਭੱਜ ਕੇ...ਅਖੇ ਚਲ ਕਿਸੇ ਦਾ ਭਲਾ ਹੋ ਜਾਊ...ਪਰ ਇਹ ਲੱਕੜ ਐ ਕੇ ਕੋਈ ਆਫ਼ਤ ਐ ? ਆਹ ਕੋਹ ਵਾਟ ਤੁਰੇ ਹਾਂ ਤੇ ਨਿੱਕੀ ਜਹੀ ਗੱਲ ਤੋਂ ਵੀਹ ਵਾਰੀ ਲੜੇ ਆਂ ਅਸੀਂ...।"

"ਬਈ ਇਹ ਚਰਖਾ ਤੇ ਸਾਡਾ ਏ ਤੇ ਮੈਂ ਇਹਨੂੰ..."

"ਓਏ ਤੇਰਾ ਏ ਸਰਦਾਰਾ !" ਉਹਨੇ ਕਾਹਲੀ ਨਾਲ ਕਿਹਾ "ਸਾਂਭ ਉਏ ਵੀਰ ਇਹਨੂੰ...ਅਸੀਂ ਰਹੇ ਇਹੋ ਜਹੇ ਪੁੰਨ ਤੋਂ...।"

ਰੱਬ ਦਾ ਲੱਖ ਲੱਖ ਸ਼ੁਕਰ ਕਰਦੇ ਉਹ ਤੁਰਨ ਹੀ ਲੱਗੇ ਸਨ ਕਿ ਮੁੰਡੇ ਨੂੰ ਘਰ ਦੀ ਕਲ੍ਹਾ ਯਾਦ ਆਈ। ਹਰ ਰੋਜ਼ ਦਾ ਲੜਾਈ ਝਗੜਾ ਅਤੇ ਨੂੰਹ ਸੱਸ ਦੇ ਤਾਨ੍ਹੇ ਮੇਹਣੇ। ਉਹ ਸੋਚੀਂ ਪੈ ਗਿਆ ਫਿਰ ਬੁਝੇ ਜਹੇ ਮਨ ਨਾਲ ਬੋਲਿਆ।

"ਬਈ ਜੇ ਐਹੋ ਜਹੀ ਗੱਲ ਐ ਤਾਂ ਮੇਰੇ ਕਹੇ ਹੀ ਸਿਟੋ ਇਹਨੂੰ ਕਿਤੇ...।"

"ਰੱਬ ਰੱਬ ਕਰ ਵੀਰ ! ਤੋਬਾ ਐ ਸਾਡੀ...ਇਹ ਤਾਂ



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

—ਓਂਕਾਰਪ੍ਰੀਤ ਸਿੰਘ

ਕੁਈ ਕੁਝ ਵੀ ਸਿਤਮ ਢਾਏ, ਮਰੇਗਾ ਸੱਚ ਨਾ ਫਿਰ ਵੀ
ਕਰੇ ਕੁਝ ਵੀ ਜੋ ਮਨ ਆਏ, ਮਰੇਗਾ ਸੱਚ ਨਾ ਫਿਰ ਵੀ।

ਅਗਰ ਲਟਕਾ ਸਲੀਬ ਉੱਤੇ, ਕੁਈ ਮਾਰੇ ਇਨ੍ਹੂੰ ਪੱਥਰ
ਜੇ ਕੁਹਿਆ ਏਦਾਂ ਵੀ ਜਾਏ, ਮਰੇਗਾ ਸੱਚ ਨਾ ਫਿਰ ਵੀ।

ਇਹ ਮਾਰੇ ਵੀ ਨਹੀਂ ਮਰਦਾ, ਇਹ ਸਾੜੇ ਵੀ ਨਹੀਂ ਸੜਦਾ
ਹਰੀਨਾਖਸ਼ ਕੁਈ ਆਏ, ਮਰੇਗਾ ਸੱਚ ਨਾ ਫਿਰ ਵੀ।

ਹਰੇਗਾ ਕੰਸ ਮੁੜ ਮੁੜ ਕੇ, ਮਰੇਗਾ ਕੰਸ ਮੁੜ ਮੁੜ ਕੇ
ਹਜ਼ਾਰਾਂ ਕਹਿਰ ਉਹ ਢਾਏ, ਮਰੇਗਾ ਸੱਚ ਨਾ ਫਿਰ ਵੀ।

ਸੜੇ ਤੱਤੀ ਤਵੀ ਉੱਤੇ, ਕਟਾਏ ਸੀਸ ਵੀ ਬੇਸ਼ਕ
ਉਬਾਲੇ ਦੇਗ ਵਿਚ ਖਾਏ, ਮਰੇਗਾ ਸੱਚ ਨਾ ਫਿਰ ਵੀ।

ਹਜ਼ਾਰਾਂ ਦੁਸ਼ਮਣਾਂ ਦੇ ਵਿਚ, ਕਿਸੇ ਕੱਚੇ ਮਕਾਨ ਅੰਦਰ
ਇਕੱਲਾ ਵੀ ਜੇ ਘਿਰ ਜਾਏ, ਮਰੇਗਾ ਸੱਚ ਨਾ ਫਿਰ ਵੀ।

ਇਹ ਕੌੜਾ ਹੈ ਕਹੇ ਦੁਨਿਆ, ਇਹ ਭਾਉਂਦਾ ਨਈ ਜ਼ਮਾਨੇ ਨੂੰ
ਜੇ ਕੁਲ ਦੁਨਿਆਂ ਵੀ ਠੁਕਰਾਏ, ਮਰੇਗਾ ਸੱਚ ਨਾ ਫਿਰ ਵੀ।

ਜੇ ਆ ਜਾਏ ਕੁਈ ਪਰਲੋ, ਕਰੇ ਮਿਸਮਾਰ ਕੁਲ ਆਲਮ
ਅਗਰ ਏਦਾਂ ਵੀ ਹੋ ਜਾਏ, ਮਰੇਗਾ ਸੱਚ ਨਾ ਫਿਰ ਵੀ।

ਸ਼ੁਰੂ ਤੋਂ ਪਹਿਲਾਂ ਵੀ ਇਹ ਸੀ, ਰਹੇਗਾ ਅੰਤ ਮਗਰੋਂ ਵੀ
ਇਹ ਸਭ ਜਗ 'ਪ੍ਰੀਤ' ਕਬਰਾਏ, ਮਰੇਗਾ ਸੱਚ ਨਾ ਫਿਰ ਵੀ।

ਪਿੰਡ—ਡਾਕ:—ਮਦਾਰ, ਜ਼ਿਲਾ ਜਲੰਧਰ-੧੪੪੦੨੫)

---

ਮੌਤ ਐ ਨਿਰੀ...ਪਰ ਹਾਂ !...ਜੇ ਤੂੰ ਸੱਚੇ ਦਿਲੋਂ ਚਾਹੁੰਨੈ ਤਾਂ ਲੈ ਹੱਥ ਰੱਸਾ ਸਿਰੇ ਤੇ ਗੰਢ...ਅਸੀਂ ਹੁਣ ਨੰਗੇ ਧੜ ਦਰਖਾ ਨਹੀਂ ਚੁੱਕਣਾ। ਤੂੰ ਰੱਬ ਦਾ ਨਾਉਂ ਲੈ ਕੇ ਆਹ ਆਪਣੇ ਉਪਰਲੀ ਲੋਈ ਨਾਲ ਇਹਦਾ ਧੜ ਕੱਜ; ਤੂੰ ਸੁਰਖਰੂ... ਅਸੀਂ ਨਿਬੜਾਂਗੇ ਪਏ...।"

ਪਲ ਕੁ ਦੀ ਦੁਚਿਤੀ ਮਗਰੋਂ, ਰਾਂਗਲੇ ਚਰਖੇ ਤੇ ਰਾਂਗਲੀ ਲੋਈ ਸੀ। ਮੁੰਡਾ ਲੱਤਾਂ ਧਰੀਕਦਾ ਘਰ ਪਰਤ ਰਿਹਾ ਸੀ। ਉਹ ਚੁ-ਖੁਰੀਏ ਜਾ ਰਹੇ ਸਨ।...

ਪਿੰਡ : ਫਰਿਹਪੁਰ
ਡਾਕ; : ਸਨੌਰ ੧੪੭੧੦੩ (ਪਟਿਆਲਾ)
ਦਫਤਰ : ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ ੧੪੭੦੦੨

## ਗ਼ਜ਼ਲ

—ਪ੍ਰਕਾਸ਼ ਕੌਰ 'ਹਮਦਰਦ'

ਰਿਸ਼ਤੇ ਨੇ ਏਥੇ ਕਿੱਥੇ ! ਤੁਅਲਕਾਤ ਏਥੇ ਕਿੱਥੇ।
ਅਹਿਸਾਸ ਏਥੇ ਕਿੱਥੇ ! ਜਜ਼ਬਾਤ ਏਥੇ ਕਿੱਥੇ।

ਵਾਸਾ ਮਖੌਟਿਆਂ ਦਾ, ਤਹਿਜ਼ੀਬ ਏਥੇ ਸ਼ਹਿਰੀ,
ਉਹ ਸ਼ਖਸ ਆਲੇ-ਭੋਲੇ, ਦੇਹਾਤ ਏਥੇ ਕਿੱਥੇ।

ਜ਼ਰਬੋ-ਜਮ੍ਹਾਂ ਦੀ ਦੁਨੀਆਂ ਤੇ ਕਾਗਜ਼ੀ ਨੇ ਰਿਸ਼ਤੇ,
ਮਨਫ਼ੀ ਅਸੂਲ ਹੋਇਐ, ਜਜ਼ਬਾਤ ਏਥੇ ਕਿੱਥੇ।

ਤਾਲਾ ਜ਼ਬਾਨ ਨੂੰ ਹੈ ਜ਼ੰਜੀਰ ਚੇਤਨਾ ਨੂੰ,
ਹੁਣ ਤਰਕ ਏਥੇ ਕਿੱਥੇ ! ਖ਼ਿਆਲਾਤ ਏਥੇ ਕਿੱਥੇ।

ਜੇ ਦੁਸ਼ਮਣੀ ਤੋਂ ਬਚਣੈ, ਤਸਕੀਨ ਨੂੰ ਬਚਾਉਣੈ,
ਹਾਂ ਵਿਚ ਮਿਲਾਓ ਹਾਂ ਤੇ ਸਵਾਲਾਤ ਏਥੇ ਕਿੱਥੇ।

ਹਰ ਸੋਚ ਹੈ ਸਿਆਸੀ, ਵਰਤੋ ਤੇ ਛੋੜੋ, ਆਖੇ।
ਏਥੇ ਤਕਾਜ਼ੇ ਕਿੱਥੇ ! ਤੁਅਲਕਾਤ ਏਥੇ ਕਿੱਥੇ।

ਮੁਤਫ਼ਿਕ ਰਹੋ ਹਮੇਸ਼ਾਂ, ਇਤਫ਼ਾਕ ਰੱਖੋ ਹਰ ਪਲ,
ਉਹ ਤਾਸਰਾਤ ਕਿੱਥੇ ! ਉਹ ਬਾਤ ਏਥੇ ਕਿੱਥੇ।

## ਗ਼ਜ਼ਲ

—ਕੰਵਰ ਸੁਖਦੇਵ—

ਵਣਜਾਰਨ ਦੀਆਂ ਪੈੜਾਂ ਵਰਗਾ ਹੈ ਉਸਦਾ ਸਰਨਾਵਾਂ
ਮੈਂ ਐਵੇਂ ਫੜਦਾ ਫਿਰਦਾ ਹਾਂ ਰਾਹਵਾਂ ਦਾ ਪ੍ਰਛਾਵਾਂ

ਕਿੰਝ ਮਹਿਕਾਂ ਦੇ ਮੌਸਮ ਵਿਚ ਵੀ ਫੁੱਲ ਕਾਗਜ਼ ਦੇ ਖਿੜਦੇ
ਕਿੰਝ ਬੱਦਲਾਂ ਚੋਂ ਰੇਤਾ ਵਰਦੀ ਤੈਨੂੰ ਕੀ ਸਮਝਾਵਾਂ ?

ਸੂਰਜ ਵਰਗੀ ਕਰਨੀ ਫਿਰ ਵੀ ਮੇਰੇ ਘਰ ਵਿਚ ਨੇਰਾ
ਮੈਂ ਹੰਸਾਂ ਦਾ ਜਾਇਆ ਮਾਰੂਥਲ ਦੀ ਜੂਨ ਹੰਢਾਵਾਂ

ਟਾਈਮ ਪੀਸ ਦੀ ਕੈਦ 'ਚ ਬੈਠੇ ਬਾਬੂ ਅਧਖੜ ਹੋਏ
ਰੋਟੀਆਂ ਥੱਪ ਥੱਪ ਬੁਢੀਆਂ ਹੋਈਆਂ ਚੂੜੇ ਵਾਲੀਆਂ ਬਾਵ੍ਹਾਂ

ਦੇਵਤਿਆਂ ਦੀ ਹੋਣੀ ਵਰਗੇ ਖ਼ਾਬ ਜਿਹਨਾਂ ਮਨ ਸਿਰਜੇ
ਅਜ ਆਪਣੇ ਪ੍ਰਛਾਵੇਂ ਤੋਂ ਉਹ ਡਰਦੇ ਵਾਂਗ ਬਲਾਵਾਂ

ਖ਼ਬਰਾਂ ਆਈਆਂ ਖੌਫ ਲਿਆਈਆਂ ਪਾੜ ਦਿਓ ਅਖਬਾਰਾਂ
ਮੈਨੂੰ ਮੇਰੀਆਂ ਵਾਪਸ ਦੇਵੋ ਪਰੀਆ ਦੀਆਂ ਕਥਾਵਾਂ

ਘਰ ਮੇਰੇ ਦਾ ਪਾਗਲ ਦੀਵਾ ਬਲਦਾ ਦਿਨ ਤੇ ਰਾਤੀਂ
ਮੱਥੇ ਮਾਰਕੇ ਥੱਕੀਆਂ ਸਾਰੀ ਦੁਨੀਆ ਦੀਆਂ ਹਵਾਵਾਂ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਗੀਤ

—ਕੰਵਰ ਸੁਖਦੇਵ—

ਪਈਆਂ ਨੇ ਕਿਤਾਬ ਵਿਚ
ਕਲੀਆਂ ਪੁਰਾਣੀਆਂ
ਅਸਾਂ ਸਾਂਭ ਰਖੀਆਂ ਨੇ
ਤੇਰੀਆਂ ਨਿਸ਼ਾਨੀਆਂ

ਤੇਰੇ ਬਾਝੋਂ ਕਿਸੇ ਕੋਲੋਂ
ਪੜੀਆਂ ਨਹੀਂ ਜਾਣੀਆਂ
ਹੰਝੂਆਂ ਦੇ ਕਾਗਜ਼ਾਂ 'ਤੇ
ਲਿਖੀਆਂ ਕਹਾਣੀਆਂ

ਥੱਕੀ ਥੱਕੀ ਰਾਤ ਜਦੋਂ
ਵੇਹੜੇ ਸਾਡੇ ਆਉਂਦੀ ਵੇ
ਤੇਰੀਆਂ ਉਡੀਕਾਂ ਦੇ ਮੈਂ
ਦੀਵੇ ਆ ਜਗਾਉਂਦੀ ਵੇ
ਛਮ ਛਮ ਰੋਂਦੀਆਂ ਨੇ
ਅੱਖੀਆਂ ਨਿਮਾਣੀਆਂ

ਅੱਗ ਸਾਨੂੰ ਲਾ ਗਏ ਚੰਨ ।
ਤੇਰੇ ਝੂਠੇ ਲਾਰੇ ਵੇ
ਛਾਲਾ ਛਾਲਾ ਹੋ ਗਏ
ਸਾਡੇ ਪੈਰ ਕੁਆਰੇ ਵੇ
ਸੜ ਗਈਆਂ ਥਲਾਂ ਵਿਚ
ਸੋਹਣੀਆਂ ਜੁਆਨੀਆਂ—

ਰਾਤਾਂ ਦੀਆਂ ਰਾਣੀਆਂ ਚੋਂ
ਮਹਿਕ ਜਦੋਂ ਉੜੇ ਵੇ
ਵੇਹੜੇ ਵਿਚ ਚਾਨਣੀ ਦੀ
ਭੀੜ ਜਦੋਂ ਜੁੜੇ ਵੇ
ਤੇਰੇ ਬਾਝੋਂ ਰੋਂਦੀਆਂ ਨੇ
ਮੰਜੀਆਂ ਅਲਾਣੀਆਂ

ਤੂੰ ਹੀ ਤਕਦੀਰ ਮੇਰੀ
ਤੂੰ ਹੀ ਮੇਰੀ ਜਾਨ ਵੇ
ਤੂੰ ਹੀ ਸੱਚਾ ਰੱਬ ਮੇਰਾ
ਤੂੰ ਹੀ ਈਮਾਨ ਵੇ
ਤੇਰੇ ਬਾਝੋਂ ਉਮਰਾਂ
ਬਿਤਾਈਆਂ ਨਹੀਉਂ ਜਾਣੀਆਂ—

ਨਜ਼ਮ

# ਵਰ ਜਾਂ ਸਰਾਪ ?

—ਰਣਧੀਰ ਸਿੰਘ ਬੇਦੀ

ਮੇਰੇ ਪੰਜਾਬ ਦੇ
ਹਰੇ ਭਰੇ ਖੇਤਾਂ ਅੰਦਰ
ਤੇ ਪਰੇ ਫੁਲਾਂ ਦੀਆਂ ਵਾਦੀਆਂ ਵਿਚ
ਕੌਣ ਸੀ ਉਹ
ਜਿਹਨਾਂ ਨੇ ਇਹ ਕੰਡਿਆਰੇ
ਬੇਸ਼ੁਮਾਰ ਪੌਰੇ ਲਗਾਏ ਸਨ ?
ਜਿਹਨਾਂ ਦੇ ਸੂਲਾਂ ਵਰਗੇ ਕੰਡੇ
ਹੱਥਾਂ ਵਿਚ ਬੰਦੂਕਾਂ ਸਾਂਭੀ
ਜ਼ਖਮੀ ਕਰ ਰਹੇ ਨੇ
ਮੇਰੀ ਰੂਹ ਨੂੰ, ਮੇਰੀ ਆਤਮਾ ਨੂੰ
ਮੈਂ ਅਕਸਰ ਸੋਚਦਾ ਹਾਂ, ਸੋਚਦਾ ਹਾਂ
ਇਹਨਾਂ ਕੰਡਿਆਂ ਬਾਰੇ
ਤੇ ਇਹਨਾਂ ਅੰਦਰ ਭਰੀ
ਤੇਜ਼ ਬਾਅਸਰ ਵਿਸ ਬਾਰੇ
ਇਹਨਾਂ ਕਾਲੀਆਂ ਝਾੜੀਆਂ ਅੰਦਰ
ਬੇਸ਼ੁਮਾਰ ਕੰਡੇ ਨੇ
ਇਕ ਕੰਡਾ ਤੋੜਿਆਂ
ਦੋ ਹੋਰ ਉਗ ਆਉਂਦੇ ਨੇਂ
ਕਿਸੇ ਦਾ ਵਰ ਹੈ ਇਹ
ਜਾਂ ਕਿਸੇ ਰਿਸ਼ੀ ਦਾ ਸਰਾਪ !
ਇਹਨਾਂ ਕੰਡਿਆਂ ਬਾਰੇ
ਮੈਂ ਅਕਸਰ ਸੋਚਦਾ ਹਾਂ
ਇਹ ਕੰਡੇ ਕਿਸ ਲਗਾਏ ਸਨ
ਇਹ ਪੌਰੇ ਕਿਸ ਨੇ ਬੀਜੇ ਸਨ
ਮੇਰੇ ਰਾਂਗਲੇ ਪੰਜਾਬ ਦੇ
ਹਰੇ ਭਰੇ ਖੇਤਾਂ ਅੰਦਰ
ਤੇ ਪਰੇ ਫੁਲਾਂ ਦੀਆਂ ਵਾਦੀਆਂ ਵਿਚ ?

੩੭੦/੭ ਸੈਂਟ੍ਰਲ ਟਾਊਨ-ਜਲੰਧਰ

ਪਈਆਂ ਨੇ ਕਿਤਾਬਾਂ ਵਿਚ
ਕਲੀਆਂ ਪੁਰਾਣੀਆਂ
ਅਸਾਂ ਸਾਂਭ ਰਖੀਆਂ ਨੇ
ਤੇਰੀਆਂ ਨਿਸ਼ਾਨੀਆਂ—



Sri Satguru Jagjit Singh Ji eLibrary NamdhariElibrary@gmail.com

# ਗ਼ਜ਼ਲ

—ਸੁਰਜੀਤ ਖੁਰਸ਼ੀਦੀ

ਤਮੰਨਾ ਦਾ ਬਣੇਗਾ ਕੀ, ਗੁਰੂ ਜਾਣੇ, ਗੁਰੂ ਜਾਣੇ
ਉਮੀਦਾਂ ਦਾ ਬਣੇਗਾ ਕੀ, ਗੁਰੂ ਜਾਣੇ, ਗੁਰੂ ਜਾਣੇ
ਸਦੇ ਉਹ ਕਦੇ ਜਾਣੂੰ, ਨਾਂਹ ਆਪਾਂ ਆਪ ਜਾਂਦੇ ਹਾਂ,
ਮਹਿਫ਼ਲ ਦਾ ਬਣੇਗਾ ਕੀ, ਗੁਰੂ ਜਾਣੇ, ਗੁਰੂ ਜਾਣੇ
ਮੁਲੱਮਾ ਮੁੱਲ ਪਾਉਂਦਾ ਹੈ, ਹੀਰਾ ਗਲ ਹੈ ਖੋਤੇ ਦੇ
ਦੁਨੀਆ ਦਾ ਬਣੇਗਾ ਕੀ, ਗੁਰੂ ਜਾਣੇ ਗੁਰੂ ਜਾਣੇ
"ਸੁਪਨੇ ਵਿਚ ਵੀ ਨਾਂਹ ਲੋਚਾਂ", ਉਹ ਕਹਿ ਗਏ ਹੱਸ ਕੇ
ਰਾਤਾਂ ਦਾ ਬਣੇਗਾ ਕੀ, ਗੁਰੂ ਜਾਣੇ ਗੁਰੂ ਜਾਣੇ
ਅਸਾਡੀ ਜ਼ਾਤ ਉੱਲੂ ਹੈ, ਉਜਾੜਾਂ ਵਿਚ ਵੀ ਜੀਲਾਂਗੇ
ਹੁਸੀਨਾ ਦਾ ਬਣੇਗਾ ਕੀ, ਗੁਰੂ ਜਾਣੇ ਗੁਰੂ ਜਾਣੇ

# ਜਿੰਦੇ ਨੀਂ

—ਸੁਰਜੀਤ ਖੁਰਸ਼ੀਦੀ

ਜਿੰਦੇ ਨੀ
ਨਾ ਝੂਰ
ਨਾ ਝੂਰ ਜਿੰਦੇ
ਨੀ ਤੇਰਾ ਵਸਿਆ ਨਾ
ਦਿੱਲ ਦਾ ਸ਼ਹਿਰ ਭੰਬੋਰ
ਜਿੰਦੇ ਨੀ
ਤੇਰਾ ਦਿੱਲ ਕਥੂਰੀ
ਤੇਰਾ ਦਿੱਲ ਕਥੂਰੀ ਜਿੰਦੇ ਨੀ
ਨਾ ਲਭਾ ਕੋਈ ਚਿੱਤ ਚੋਰ
ਜਿੰਦੇ ਨੀ
ਤੂੰ ਘੁਟ ਘੁਟ ਕੇ ਨਾ ਜੀਅ
ਘੁਟ ਘੁਟ ਕੇ ਨਾ ਜੀਅ ਨੀ ਜਿੰਦੇ
ਹੁਸਨ ਜੁਆਨੀ, ਚੰਨ ਚਾਨਣੀ
ਘੁੱਟ ਘੁੱਟ ਕਰ ਕੇ ਪੀ
ਜਿੰਦੇ ਨੀ ਤੂੰ ਲਹੂ ਦੇ ਘੁੱਟ ਨਾ ਪੀ
ਲਹੂ ਦੇ ਘੁੱਟ ਨਾ ਪੀ ਨੀ ਜਿੰਦੇ
ਆਪਣੀ ਮਹਿਕ ਸਹਾਰੇ ਜੀਅ
ਜਿੰਦੇ ਨੀ
ਤੂੰ ਘਰ ਕਿਉਂ ਭਾਲੇਂ ਭੋਲੜੀਏ
ਘਰ ਕਿਉਂ ਭਾਲੇਂ ਜਿੰਦੇ ਨੀ
ਅਮਰ ਵੇਲ ਬਣ
ਰੁੱਖਾਂ ਦੇ ਸਿਰ ਚੜ੍ਹ ਜੀਅ
ਤੂੰ ਜਗ ਤੋਂ ਲੈਣਾ ਕੀ ?
ਜਿੰਦੇ ਨੀ
ਤੂੰ ਹਰ ਹਾਲ ਵਿਚ ਜੀਅ ।

# ਗ਼ਜ਼ਲ

—ਸੁਰਜੀਤ ਸਿੰਘ 'ਅਮਰ'

ਉਠਦੇ ਜਦੋਂ ਸਵੇਰੇ ਯਾਰ
ਆਕੇ ਦਿਲ ਨੂੰ ਘੇਰੇ ਯਾਰ
ਤੇਰਾ ਜਿਹਾ ਨਹੀਂ ਕੋਈ ਹੋਰ
ਡਿੱਠੇ ਹੈਣ ਬਥੇਰੇ ਯਾਰ

ਸੁਖ ਵਿਚ ਮੇਰਾ ਸਾਥੀ ਏ
ਦੁਖ ਵੇਲੇ ਮੂੰਹ ਫੇਰੇ ਯਾਰ

ਤੈਨੂੰ ਪਿਆ ਉਡੀਕਾਂ ਮੈਂ
ਛੇਤੀ ਆ ਜਾ ਮੇਰੇ ਯਾਰ
ਸਿੱਧੇ ਰਾਹੇ ਪੈਂਦਾ ਨਹੀਂ
ਫਿਰਦੇ ਵਿਚ ਹਨੇਰੇ ਯਾਰ

ਹਰ ਮੁਸ਼ਕਿਲ ਹਸ ਹਸ ਕੇ ਸਹਿ
ਵਧਦਾ ਜਾ ਅਗੇਰੇ ਯਾਰ

ਵੇਖ ਕੇ ਭੈੜਾ ਹਾਲ ਮੇਰਾ
ਛੰਮ ਛੰਮ ਹੰਝੂ ਕੇਰੇ ਯਾਰ

ਤੇਰੀ ਚੁਗਲੀ ਕਰਦੇ ਹੈਣ
ਤੇਰੇ ਪਿੱਛੋਂ ਤੇਰੇ ਯਾਰ

ਕੋਈ ਵੀ ਨੇੜੇ ਆਉਂਦਾ ਨਹੀਂ
ਫਿਰਦੇ ਹੈਣ ਬਥੇਰੇ ਯਾਰ

ਮੈਨੂੰ ਬਹੁਤ ਸਤਾਂਦੇ ਨੇ
ਡਾਢੇ ਭੈੜੇ ਮੇਰੇ ਯਾਰ

'ਅਮਰ' ਅਸਾਡੇ ਘਰ ਅਜਕਲ
ਗਮ ਨੇ ਲਾਏ ਡੇਰੇ ਯਾਰ

ਸੁਰਜੀਤ ਸਿੰਘ 'ਅਮਰ'
ਹੀ.ਐਸ. ਇੰਡਸਟਰੀ
ਸੰਤੋਖਪੁਰਾ, ਜਲੰਧਰ-੪



Sri Satguru Jagjit Singh Ji eLibrary NamdhariElibrary@gmail.com

# ਪਰਮਾਤਮਾ

ਮੂਲ—ਲ. ਤਾਲਸਤਾਏ

ਪੰਜਾਬੀ—ਸੁਰਜੀਤ ਖੁਰਸ਼ੀਦੀ

ਇਕ ਕਸਬੇ ਦੇ ਸਮੁੰਦਰੀ ਤੱਟ ਤੇ ਇਕ ਕਾਫ਼ੀ ਹਾਊਸ ਸੀ ਜਿਥੇ ਦੇਸੀ ਅਤੇ ਬਦੇਸੀ ਮੁਸਾਫਰ ਅਤੇ ਮਲਾਹ ਆਰਾਮ ਦੇ ਲਈ ਰੁਕਦੇ ਸਨ ਅਤੇ ਕੁਝ ਖਾ ਪੀ ਕੇ ਆਪਣੇ ਸਫਰ ਲਈ ਚੱਲ ਪੈਂਦੇ ਸਨ। ਇਕ ਵਾਰ ਪਾਰਸੀ ਧਰਮ ਦਾ ਇਕ ਪਰਚਾਰਕ ਇਸ ਕਾਫ਼ੀ ਹਾਊਸ ਤੇ ਰੁਕਿਆ, ਉਸਦੇ ਨਾਲ ਅਫ਼ਰੀਕੀ ਗ਼ੁਲਾਮ ਵੀ ਸੀ। ਕਾਫ਼ੀ ਹਾਊਸ ਵਿਚ ਕੁਝ ਖਾ ਪੀ ਚੁੱਕਣ ਉਪਰੰਤ ਉਸਨੇ ਅਫ਼ਰੀਕੀ ਗ਼ੁਲਾਮ ਤੋਂ ਪੁਛਿਆ—"ਕੀ ਤੂੰ ਦੱਸ ਸਕਦਾ ਹੈਂ ਕਿ ਪਰਮਾਤਮਾ ਕੀ ਹੈ?"

ਅਫ਼ਰੀਕੀ ਗ਼ੁਲਾਮ ਨੇ ਤੁਰੰਤ ਆਪਣੀ ਤਲਵਾਰ ਨੂੰ ਮਿਆਨ ਵਿਚੋਂ ਕੱਢ ਕੇ ਕਿਹਾ—"ਇਹ ਹੈ ਮੇਰਾ ਪਰਮਾਤਮਾ? ਇਹ ਰਾਤ ਸਮੇਂ ਮੇਰੀ ਰਖਿਆ ਕਰਦਾ ਹੈ।"

ਅਫ਼ਰੀਕੀ ਗ਼ੁਲਾਮ ਦੇ ਇਸ ਜਵਾਬ ਨੇ ਉਥੇ ਹਾਜ਼ਰ ਸਾਰੇ ਲੋਕਾਂ ਨੂੰ ਸੁਚੇਤ ਕਰ ਦਿੱਤਾ। ਉਹਨਾਂ ਵਿਚੋਂ ਇਕ ਬ੍ਰਾਹਮਣ ਨੇ ਕਿਹਾ, "ਕੇਵਲ ਬ੍ਰਹਮ ਹੀ ਸੱਚਾ ਪਰਮਾਤਮਾ ਹੈ।"

ਇਕ ਕੈਥੋਲਕ ਈਸਾਈ ਨੇ ਜ਼ੋਰ ਦੇ ਕੇ ਕਿਹਾ—"ਬੰਦਾ ਗਿਰਜਾ ਘਰ ਜਾ ਕੇ ਹੀ ਪਰਮਾਤਮਾ ਨੂੰ ਦੇਖ ਸਕਦਾ ਹੈ।"

ਉਸਦਾ ਵਿਰੋਧ ਕਰਦਿਆਂ ਹੋਇਆਂ ਇਕ ਪ੍ਰੋਟੈਸਟੈਂਟ ਈਸਾਈ ਨੇ ਕਿਹਾ—"ਜੇਹੜੇ ਲੋਕ ਪਰਮਾਤਮਾ ਨੂੰ ਗੋਸਪਲ ਦੇ ਅਨੁਸਾਰ ਮੰਨਦੇ ਹਨ, ਉਹ ਹੀ ਕਿਆਮਤ ਵਾਲੇ ਦਿਨ ਬਖ਼ਸ਼ੇ ਜਾਣਗੇ।"

ਇਕ ਤੁਰਕ ਨੇ ਕਿਹਾ—"ਸ਼ਰੀਅਤ ਦੇ ਅਨੁਸਾਰ ਕੋਈ ਬੁੱਤ ਪਰਮਾਤਮਾ ਨਹੀਂ ਹੋ ਸਕਦਾ। ਖ਼ੁਦਾ ਇਕ ਅਜਿਹੀ ਸ਼ਕਤੀ ਹੈ, ਜਿਸਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ।"

ਭਾਵ ਇਹ ਕਿ ਹਰ ਕੋਈ ਆਪੋ ਆਪਣੇ ਵਿਸ਼ਵਾਸ ਦੇ ਅਨੁਸਾਰ ਕਹਿ ਰਿਹਾ ਸੀ। ਪਰ ਚੀਨ ਦੇ ਜਗਤ ਪ੍ਰਸਿੱਧ ਦਾਰਸ਼ਨਿਕ ਕਨਫਿਊਸ਼ਿਸ ਦਾ ਇਕ ਚੇਲਾ ਕਾਫ਼ੀ ਹਾਊਸ ਦੀ ਇਕ ਨੁਕਰੇ ਬੈਠਾ ਸਾਰਿਆਂ ਦੀਆਂ ਗੱਲਾਂ ਚੁਪਚਾਪ ਸੁਣਦਾ ਰਿਹਾ। ਜਦੋਂ ਲੋਕਾਂ ਦੀ ਨਜ਼ਰ ਉਸ ਤੇ ਪਈ ਤਾਂ ਸਾਰਿਆਂ ਨੇ ਉਸਨੂੰ ਬੇਨਤੀ ਕੀਤੀ ਕਿ ਉਹ ਵੀ ਇਸ ਸੰਬੰਧ ਵਿਚ ਆਪਣੇ ਵਿਚਾਰ ਪੇਸ਼ ਕਰੇ।

ਉਸ ਚੀਨੇ ਨੇ, ਜੋ ਕਿ ਕਨਫਿਊਸ਼ਿਸ ਦਾ ਚੇਲਾ ਸੀ, ਆਪਣੀਆਂ ਅੱਖਾਂ ਮੁੰਦ ਲਈਆਂ, ਕੁਝ ਦੇਰ ਲਈ ਕੁਝ ਸੋਚਿਆ. ਫੇਰ ਅੱਖਾਂ ਖੋਲ੍ਹ ਕੇ ਆਪਣੇ ਹੱਥ ਆਸਤੀਨਾਂ ਤੋਂ ਬਾਹਰ ਕਢਦਿਆਂ ਹੋਇਆਂ ਉਸਨੇ ਸਾਰਿਆਂ ਨੂੰ ਸਮਝਾਇਆ "ਭਰਾਵੋ, ਮੈਨੂੰ ਤਾਂ ਇੰਝ ਜਾਪਦਾ ਹੈ ਕਿ ਹਰ ਕਿਸੇ ਦਾ ਆਪਣਾ ਇਕ ਵਿਸ਼ਵਾਸ ਹੁੰਦਾ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਇਕ ਬੰਦੇ ਦਾ ਵਿਸ਼ਵਾਸ ਦੂਜੇ ਬੰਦੇ ਦੇ ਵਿਸ਼ਵਾਸ ਦੇ ਨਾਲ ਮੇਲ ਖਾਂਦਾ ਹੋਵੇ। ਜੇਕਰ ਤੁਸੀਂ ਧਿਆਨ ਨਾਲ ਸੁਣੋ ਤਾਂ ਮੈਂ ਤੁਹਾਨੂੰ ਇਕ ਲਘੂ-ਕਥਾ ਸੁਣਾਵਾਂਗਾ ਜੋ ਸ਼ਾਇਦ ਇਸ ਵਿਸ਼ੇ 'ਤੇ ਕੁਝ ਚਾਨਣ ਪਾ ਸਕੇ।"

"ਮੈਂ ਚੀਨ ਤੋਂ ਇੰਗਲੈਂਡ ਲਈ ਇਕ ਜਹਾਜ਼ ਤੇ ਸਵਾਰ ਹੋਇਆ ਸੀ। ਇਹ ਜਹਾਜ਼ ਦੁਨੀਆ ਦਾ ਚੱਕਰ ਕੱਟ ਕੇ ਏਥੇ ਆਇਆ ਸੀ। ਸਾਨੂੰ ਕੁਝ ਸਾਫ਼ ਅਤੇ ਤਾਜ਼ਾ ਪਾਣੀ ਦੀ ਲੋੜ ਸੀ। ਇਸ ਲਈ ਸਾਡਾ ਜਹਾਜ਼ ਸੁਮਾਟਰਾ ਦੇ ਸਮੁੰਦਰੀ ਤੱਟ ਤੇ ਕੁਝ ਸਮੇਂ ਦੇ ਲਈ ਰੁਕਿਆ ਸੀ। ਕੁਝ ਮੁਸਾਫਰ ਜਹਾਜ਼ ਤੋਂ ਉਤਰ ਕੇ ਸਾਗਰ ਦੇ ਕੰਢੇ ਨਾਰੀਅਲ ਦੇ ਰੁੱਖਾਂ ਦੀ ਛਾਂ ਵਿਚ ਜਾ ਕੇ ਲੇਟ ਗਏ। ਸਾਰੇ ਮੁਸਾਫਰ ਇਕੋ ਹੀ ਦੇਸ ਤੋਂ ਨਹੀਂ ਸਨ, ਉਹਨਾਂ ਦੀ ਭਾਸ਼ਾ, ਧਰਮ ਅਤੇ ਸਭਿਅਤਾ ਸਭ ਵੱਖ ਵੱਖ ਸਨ।

ਜਿਉਂ ਹੀ ਨਾਰੀਅਲ ਦੇ ਰੁੱਖ ਦੇ ਹੇਠਾਂ ਆਰਾਮ ਨਾਲ ਲੇਟੇ, ਇਕ ਅੰਨ੍ਹਾ ਬੰਦਾ ਸਾਡੇ ਪਾਸ ਆਇਆ। ਮਗਰੋਂ ਸਾਨੂੰ ਪਤਾ ਲੱਗਿਆ ਕਿ ਉਹ ਬੰਦਾ ਅਨ੍ਹਾਂ ਕਿਉਂ ਹੋ ਗਿਆ ਹੈ। ਅਸਲ ਵਿਚ ਉਹ ਬੰਦਾ ਇਹ ਜਾਨਣਾ ਚਾਹੁੰਦਾ ਸੀ ਕਿ ਸੂਰਜ ਦੀ ਰੋਸ਼ਨੀ ਕੀ ਹੈ? ਇਸ ਦੇ ਲਈ ਉਹ ਘੰਟਿਆਂ ਬੱਧੀ ਸੂਰਜ ਵੱਲ ਨੂੰ ਦੇਖਦਾ ਰਿਹਾ। ਫਲਸਰੂਪ ਉਹ ਆਪਣੀ ਨਜ਼ਰ ਤੋਂ ਹਮੇਸ਼ਾਂ ਲਈ ਹੱਥ ਧੋ ਬੈਠਿਆ।

ਤਦ ਉਸ ਨੇ ਆਪਣੇ ਮਨ ਨੂੰ ਕਿਹਾ, "ਸੂਰਜ ਦੀ ਰੋਸ਼ਨੀ ਕੋਈ ਤਰਲ ਨਹੀਂ ਹੈ, ਕਿਉਂ ਜੋ ਜੇਕਰ ਉਹ ਤਰਲ ਹੁੰਦੀ ਤਾਂ ਇਕ ਭਾਂਡੇ ਤੋਂ ਦੂਸਰੇ ਭਾਂਡੇ ਵਿਚ ਉਂਡੇਲੀ ਜਾ ਸਕਦੀ ਹੁੰਦੀ! ਨਾਂਹ ਹੀ ਇਹ ਅੱਗ ਹੈ। ਜੇਕਰ ਇਹ ਅੱਗ ਹੁੰਦੀ ਤਾਂ ਸਾਗਰ ਦੇ ਪਾਣੀ ਦੇ ਨਾਲ ਬੁਝ ਜਾਂਦੀ। ਨਾ ਹੀ ਇਹ ਕੋਈ ਠੋਸ ਵਸਤੂ ਹੈ ਜਿਸਨੂੰ ਛੁਹਿਆ ਜਾ ਸਕੇ ਜਾਂ ਕਿਸੇ ਭਾਂਡੇ ਵਿਚ ਬੰਦ ਕੀਤਾ ਜਾ ਸਕੇ। ਇਸ ਲਈ ਇਹ ਨਾ ਤਰਲ ਹੈ, ਨਾ ਅੱਗ ਹੈ ਅਤੇ ਨਾ ਹੀ ਕੋਈ ਠੋਸ ਹੈ, ਭਾਵ ਇਹ ਕੁਝ ਵੀ ਨਹੀਂ ਹੈ।"

"ਉਸ ਅਨ੍ਹੇ ਬੰਦੇ ਦੇ ਨਾਲ ਇਕ ਗ਼ੁਲਾਮ ਵੀ ਸੀ ਜਿਸਨੇ ਉਸ ਨੂੰ ਨਾਰੀਅਲ ਰੁੱਖ ਦੀ ਛਾਂ ਵਿਚ ਬੈਠਾਕੇ ਇਕ ਨਾਰੀਅਲ ਤੋੜਿਆ, ਉਸਦੇ ਬਾਰੀਕ ਰੇਸ਼ਿਆਂ ਦੀ ਇਕ ਬੱਤੀ



Sri Satguru Jagjit Singh Ji eLibrary NamdhariElibrary@gmail.com

ਵੱਢੀ ਅਤੇ ਫੇਰ ਉਸਨੂੰ ਨਾਰੀਅਲ ਦੇ ਤੇਲ ਵਿਚ ਗੜੁੱਚਿਆ ਜਦੋਂ ਉਹ ਇਹ ਸਭ ਕੁਝ ਕਰ ਰਿਹਾ ਸੀ, ਤਾਂ ਅਨ੍ਹੇ ਬੰਦੇ ਨੇ ਗ਼ੁਲਾਮ ਤੋਂ ਪੁਛਿਆ, "ਅਛਾ ਗ਼ੁਲਾਮ, ਤੂੰ ਇਹ ਦੱਸ ਕਿ ਕੀ ਮੇਰਾ ਇਹ ਵਿਸ਼ਵਾਸ ਸਹੀ ਨਹੀਂ ਹੈ ਕਿ ਸੂਰਜ ਕੋਈ ਚੀਜ਼ ਨਹੀਂ ਹੈ ? ਕੀ ਤੂੰ ਨਹੀਂ ਦੇਖਦਾ ਕਿ ਏਥੇ ਕਿਤਨਾ ਹਨੇਰਾ ਹੈ ? ਫੇਰ ਵੀ ਲੋਕ ਕਹਿੰਦੇ ਹਨ ਕਿ ਸੂਰਜ ਨਾਂ ਦੀ ਕੋਈ ਚੀਜ਼ ਇਸ ਦੁਨੀਆ ਵਿਚ ਹੈ। ਜੇਕਰ ਸੂਰਜ ਕੋਈ ਚੀਜ਼ ਹੈ ਤਾਂ ਉਹ ਕੀ ਹੈ ?"

"ਗ਼ੁਲਾਮ ਅਨ੍ਹੇ ਨੂੰ ਆਪਣੀ ਝੁੱਗੀ ਵਿਚ ਲੈ ਗਿਆ ਅਤੇ ਉਸਨੂੰ ਆਪਣੀ ਟੁੱਟੀ ਹੋਈ ਚਾਰਪਾਈ 'ਤੇ ਬਿਠਾਂਦਿਆਂ ਹੋਇਆਂ ਕਿਹਾ, "ਮੈਂ ਇਹ ਨਹੀਂ ਜਾਣਦਾ ਕਿ ਸੂਰਜ ਕੀ ਹੈ, ਕਿਉਂ ਜੋ ਇਸ ਬਾਰੇ ਵਿਚਾਰ ਕਰਨਾ ਮੇਰਾ ਕੰਮ ਨਹੀਂ ਹੈ। ਮੈਂ ਤਾਂ ਕੇਵਲ ਇਤਨਾ ਹੀ ਜਾਣਦਾ ਹਾਂ ਕਿ ਰੌਸ਼ਨੀ ਕੀ ਹੈ। ਇਸ ਝੁੱਗੀ ਦੇ ਅਨ੍ਹੇਰੇ ਨੂੰ ਖਤਮ ਕਤਨ ਦੇ ਲਈ ਮੈਂ ਇਕ ਦੀਵਾ ਜਲਾਇਆ ਹੈ। ਜਿਸ ਕਰਕੇ ਮੈਂ ਝੁੱਗੀ ਵਿਚ ਰੱਖੀ ਹੋਈ ਹਰ ਚੀਜ਼ ਨੂੰ ਦੇਖ ਸਕਦਾ ਹਾਂ। "ਇਹ ਹੈ ਮੇਰਾ ਸੂਰਜ।"

ਇਕ ਲੰਗੜਾ ਬੰਦਾ ਜੋ ਸੋਟੀ ਦਾ ਸਹਾਰਾ ਲੈ ਕੇ, ਉਸ ਝੁੱਗੀ ਦੇ ਅਗੋਂ ਲੰਘ ਰਿਹਾ ਸੀ, ਉਸਨੇ ਗ਼ੁਲਾਮ ਦੀ ਗੱਲ ਸੁਣੀ ਤਾਂ ਖਿੜਖੜਾਕੇ ਹੱਸ ਪਿਆ। ਉਸ ਦੇ ਹਾਸੇ ਨੂੰ ਸੁਣ ਕੇ ਉਹ ਅਨ੍ਹਾ ਅਤੇ ਗ਼ੁਲਾਮ ਝੁੱਗੀ ਤੋਂ ਬਾਹਰ ਆ ਗਏ।

ਤੂੰ ਵੀ ਸਾਰੀ ਉਮਰ ਅਨ੍ਹਾ ਹੀ ਰਹੇਂਗਾ", ਲੰਗੜੇ ਨੇ ਅਨ੍ਹੇ ਨੂੰ ਕਿਹਾ, "ਤੂੰ ਇਹ ਵੀ ਨਹੀਂ ਜਾਣਦਾ ਹੈਂ ਕਿ ਸੂਰਜ ਕੀਹੈ? ਆ, ਮੈਂ ਤੈਨੂੰ ਦੱਸਾਂ ਕਿ ਸੂਰਜ ਕੀ ਹੈ। ਸੂਰਜ ਇਕ ਅੱਗ ਦਾ ਗੋਲਾ ਹੈ, ਜੋ ਕਿ ਰੋਜ਼ ਸਵੇਰੇ ਪਹਾੜੀ ਤੋਂ ਨਿਕਲਦਾ ਹੈ ਅਤੇ ਸ਼ਾਮੀ ਸਾਡੇ ਦੀਪ ਤੋਂ ਮੀਲਾਂ ਦੂਰ ਪਹਾੜੀ ਦੇ ਪਿਛੇ ਛਿਪ ਜਾਂਦਾ ਹੈ। ਅਸੀਂ ਤਾਂ ਹਮੇਸ਼ਾ ਇਹੋ ਦੇਖਦੇ ਆਏ ਹਾਂ। ਜੇਕਰ ਤੇਰੀ ਨਜ਼ਰ ਹੁੰਦੀ ਤਾਂ ਤੂੰ ਵੀ ਦੇਖਦਾ।"

ਇਕ ਗਭਰੂ ਮਛੇਰਾ, ਉਂਝ ਹੀ, ਉਹਨਾਂ ਦੇ ਪਾਸ ਆ ਕੇ ਖਲੋ ਗਿਆ। ਉਹਨਾਂ ਦੀਆਂ ਗੱਲਾਂ ਸੁਣ ਕੇ ਬੋਲਿਆ, "ਜਾਪਦਾ ਹੈ ਕਿ ਤੂੰ ਕਦੇ ਆਪਣੇ ਦੀਪ ਤੋਂ ਦੂਜੇ ਦੀਪਾਂ ਵਿਚ ਨਹੀਂ ਗਿਆ, ਸਾਨੂੰ ਮੱਛੀਆਂ ਫੜਨ ਦੇ ਸੰਬੰਧ ਵਿਚ ਦੂਜੇ ਦੀਪਾਂ ਤੇ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ, ਤੁਸੀਂ ਇਹ ਜਾਣ ਲਵੋ ਕਿ ਸੂਰਜ ਰੋਜ਼ ਸਵੇਰੇ ਸਾਗਰ ਤੋਂ ਨਿਕਲਦਾ ਹੈ ਅਤੇ ਸ਼ਾਮੀਂ ਸਾਗਰ ਵਿਚ ਹੀ ਛਿਪ ਜਾਂਦਾ ਹੈ। ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਬਿਲਕੁਲ ਸਹੀ ਹੈ। ਮੈਂ ਰੋਜ਼ ਆਪਣੀਆਂ ਅੱਖਾਂ ਦੇ ਨਾਲ ਇਹ ਕੁਝ ਦੇਖਦਾ ਹਾਂ।"

ਫੇਰ ਸਾਡੇ ਵਿਚੋਂ ਇਕ ਭਾਰਤੀ ਮੁਸਾਫ਼ਰ ਨੇ ਮਛੇਰੇ ਦੀ ਗੱਲ ਨੂੰ ਕਟਦਿਆਂ ਹੋਇਆਂ ਕਿਹਾ,—"ਹੈਰਾਨੀ ਹੈ ਕਿ ਤੁਸੀਂ ਲੋਕ ਕਿਹੋ ਜਹੀਆਂ ਬੇਸਿਰ ਪੈਰ ਦੀਆਂ ਗੱਲਾਂ ਕਰ ਰਹੇ ਹੋ। ਭਲਾ ਇਹ ਕਿੰਝ ਹੋ ਸਕਦਾ ਹੈ ਕਿ ਅੱਗ ਦਾ ਗੋਲਾ ਸਾਗਰ ਵਿਚ ਡੁੱਬ ਜਾਵੇ ਅਤੇ ਪਾਣੀ ਉਸਨੂੰ ਨਾ ਬੁਝਾਵੇ। ਅਸਲ ਵਿਚ ਇਹ ਅੱਗ ਦਾ ਗੋਲਾ ਨਹੀਂ ਹੈ, ਇਹ ਤਾਂ ਇਕ ਦੇਵਤਾ ਹੈ। ਇਹ ਰੋਜ਼ ਮੇਰੂ ਦੇ ਸੋਨੇ ਦੇ ਪਹਾੜਾਂ ਤੋਂ ਰੱਥ 'ਤੇ ਸਵਾਰ ਹੁੰਦਾ ਹੈ ਅਤੇ ਰੋਜ਼ ਸ਼ਾਮੀਂ ਟੀਰੂ ਦੇ ਚਾਂਦੀ ਦੇ ਪਹਾੜਾਂ ਵਿਚ ਛਿਪ ਜਾਂਦਾ ਹੈ।"

ਭਾਰਤੀ ਮੁਸਾਫ਼ਰ ਦੀ ਇਹ ਅਜੀਬ ਜਹੀ ਗੱਲ ਸੁਣਕੇ ਇਕ ਮੱਲਾਹ ਨੇ ਕਿਹਾ, "ਨਹੀਂ, ਨਹੀਂ, ਤੁਸੀਂ ਬਿਲਕੁਲ ਗਲਤ ਕਹਿ ਰਹੇ ਹੋ। ਸੂਰਜ ਇਕ ਦੇਵਤਾ ਨਹੀਂ ਹੈ। ਜਹਾਜ਼ ਦਾ ਨਾਵਕ ਹੋਣ ਕਰਕੇ ਮੈਂ ਅਣਗਿਣਤ ਸਮੁੰਦਰੀ ਸਫਰ ਕੀਤੇ ਹਨ। ਮੈਂ ਇਹ ਚੰਗੀ ਤਰ੍ਹਾਂ ਨਾਲ ਜਾਣਦਾ ਹਾਂ ਸੂਰਜ ਕੇਵਲ ਭਾਰਤ ਹੀ ਨੂੰ ਨਹੀਂ ਸਗੋਂ ਪੂਰੀ ਦੁਨੀਆ ਨੂੰ ਆਪਣੀ ਰੋਸ਼ਨੀ ਨਾਲ ਰੋਸ਼ਨ ਰੱਖਦਾ ਹੈ। ਇਹ ਕੇਵਲ ਇਕ ਪਹਾੜੀ ਜਾਂ ਦੀਪ ਦਾ ਚੱਕਰ ਹੀ ਨਹੀਂ ਲਗਾਂਦਾ, ਸਗੋਂ ਪੂਰਬ ਵਿਚ ਜਾਪਾਨ ਦੇ ਦੀਪਾਂ ਤੋਂ ਨਿਕਲਦਾ ਹੈ ਅਤੇ ਇੰਗਲੈਂਡ ਦੇ ਆਸੇ ਪਾਸੇ ਦੇ ਦੀਪਾਂ ਵਿਚ ਛਿਪ ਜਾਂਦਾ ਹੈ। ਜੋ ਕੁਝ ਮੈਂ ਕਹਿ ਰਿਹਾ ਹਾਂ, ਬਿਲਕੁਲ ਸਹੀ ਹੈ। ਮੇਰਾ ਦਾਦਾ ਵੀ ਇਹੋ ਕਿਹਾ ਕਰਦਾ ਸੀ।"

ਨਾਵਕ ਆਪਣੀ ਗੱਲ ਕਹਿ ਕੇ ਚਲਿਆ ਗਿਆ, ਪਰ ਇੰਗਲੈਂਡ ਦੇ ਇਕ ਨਾਵਕ ਨੂੰ ਜੋਸ਼ ਦਿਲਵਾ ਗਿਆ। ਉਸਨੇ ਕਿਹਾ, ਕਿਸੇ ਵੀ ਦੇਸ਼ ਦੇ ਵਾਸੀ ਸੂਰਜ ਦੇ ਬਾਰੇ ਉਤਨਾ ਨਹੀਂ ਜਾਣਦੇ ਜਿਤਨਾ ਇੰਗਲੈਂਡ ਦੇ ਵਾਸੀ ਜਾਣਦੇ ਹਨ। ਇੰਗਲੈਂਡ ਦਾ ਬੱਚਾ ਬੱਚਾ ਦੱਸ ਸਕਦਾ ਹੈ ਕਿ ਸੂਰਜ ਕਿਥੋਂ ਨਿਕਲਦਾ ਹੈ ਅਤੇ ਕਿਥੇ ਛਿਪਦਾ ਹੈ। ਅਸਲ ਵਿਚ ਇਹ ਨਾ ਤਾਂ ਕਿਤੋਂ ਨਿਕਲਦਾ ਹੈ ਅਤੇ ਨਾ ਹੀ ਕਿਤੇ ਛਿਪਦਾ ਹੈ। ਇਹ ਤਾਂ ਹਮੇਸ਼ਾ ਤੋਂ ਧਰਤੀ ਦਾ ਚੱਕਰ ਲਗਾ ਰਿਹਾ ਹੈ ਅਤੇ ਹਮੇਸ਼ਾ ਹੀ ਲਗਾਂਦਾ ਰਹੇਗਾ। ਫੇਰ ਉਸ ਮੱਲਾਹ ਨੇ ਇਕ ਨਿੱਕੀ ਜਹੀ ਲੱਕੜ ਦੀ ਡੰਡੀ ਨਾਲ ਰੇਤੇ ਤੇ ਇਕ ਨਿਸ਼ਾਨ ਬਣਾ ਕੇ ਉਹਨਾਂ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਸੂਰਜ ਕਿੰਝ ਧਰਤੀ ਦੇ ਚਾਰੇ ਪਾਸੇ ਚੱਕਰ ਲਾਉਂਦਾ ਹੈ, ਪਰ ਉਹ ਇਸ ਸਿਧਾਂਤ ਨੂੰ ਭਲੀ ਭਾਂਤ ਸਮਝਾ ਨਾ ਸਕਿਆ। ਇਸ ਲਈ ਆਪਣੇ ਇਕ ਸਾਥੀ ਵੱਲ ਇਸ਼ਾਰਾ ਕਰਕੇ ਕਿਹਾ, "ਮੇਰਾ ਇਹ ਸਾਥੀ ਤੁਹਾਨੂੰ ਚੰਗੀ ਤਰ੍ਹਾਂ ਸਮਝਾ ਸਕਦਾ ਹੈ।"

ਉਸਦੇ ਸਾਥੀ ਨੇ ਕਿਹਾ, ਅਸਲ ਵਿਚ ਸੂਰਜ ਧਰਤੀ ਦੇ ਚਾਰੇ ਪਾਸੇ ਚੱਕਰ ਨਹੀਂ ਲਗਾਂਦਾ, ਸਗੋਂ ਧਰਤੀ ਸੂਰਜ ਦੇ ਚਾਰੇ ਪਾਸੇ ਚੱਕਰ ਲਗਾਂਦੀ ਹੈ। ਸੂਰਜ ਦੇ ਚਾਰੇ ਪਾਸੇ ਇਕ ਚੱਕਰ ਲਗਾਣ ਵਿਚ ਧਰਤੀ ਨੂੰ ਚੌਵੀ ਘੰਟੇ ਲਗਦੇ


Sri Satguru Jagjit Singh Ji eLibrary NamdhariElibrary@gmail.com

ਹਨ। ਸੂਰਜ ਇਸ ਦੁਨੀਆ ਹੀ ਨੂੰ ਨਹੀਂ ਰੁਸ਼ਨਾਂਦਾ, ਸਗੋਂ ਚੰਨ ਤਾਰਿਆਂ ਨੂੰ ਵੀ ਆਪਣੀ ਰੌਸ਼ਨੀ ਦੇ ਨਾਲ ਰੁਸ਼ਨਾਂਦਾ ਹੈ।

ਚੀਨੀ ਨਾਗਰਕ ਨੇ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਹੋਇਆਂ ਕਿਹਾ, ''ਜਿਸ ਪਰਕਾਰ ਅਸੀਂ ਸੂਰਜ ਦੇ ਬਾਰੇ ਵਿਚ ਗਲਤ ਸੋਚਦੇ ਆਏ ਹਾਂ, ਬਿਲਕੁਲ ਉਸੇ ਤਰ੍ਹਾਂ ਲੋਕ ਪਰਮਾਤਮਾ ਨੂੰ ਵੀ ਠੀਕ ਤਰ੍ਹਾਂ ਨਾਲ ਸਮਝ ਨਹੀਂ ਸਕੇ ਹਨ। ਲੋਕ ਧਾਰਮਿਕ ਮਾਮਲੇ ਤੇ ਸੀਮਤ ਦ੍ਰਿਸ਼ਟੀ ਨਾਲ ਵਿਚਾਰ ਕਰਦੇ ਹਨ ਅਤੇ ਧਰਮ ਦੀਆਂ ਗੱਲਾਂ ਤੇ ਫਿਰਕੂ ਝਗੜੇ ਕਰਨ ਤੋਂ ਵੀ ਨਹੀਂ ਟਲਦੇ। ਹਰ ਕਿਸੇ ਦੀ ਚਾਹਨਾ ਹੈ ਕਿ ਉਸਦਾ ਪਰਮਾਤਮਾ ਵੱਖਰਾ ਹੋਵੇ। ਹਰ ਕੌਮ ਉਸਨੂੰ ਆਪਣੇ ਪੂਜਾ ਸਥਾਨ ਵਿਚ ਬੰਦ ਕਰ ਲੈਣਾ ਚਾਂਹਦੀ ਹੈ। ਸਾਰੇ ਧਰਮਾਂ ਦੇ ਪੂਜਾ-ਸਥਾਨ ਬਹੁਤ ਸੌੜੇ ਹਨ। ਪਰਮਾਤਮਾ ਇਤਨਾ ਵਿਸ਼ਾਲ ਤੇ ਵੱਡਾ ਹੈ ਕਿ ਕਿਸੇ ਵੀ ਪੂਜਾ-ਸਥਾਨ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਹਿੰਦੂ ਕਹਿੰਦੇ ਹਨ, ਮੰਦਿਰ ਭਗਵਾਨ ਦਾ ਘਰ ਹੈ। ਮੁਸਲਮਾਨ ਕਹਿੰਦੇ ਹਨ—ਮਸੀਤ ਖੁਦਾ ਦਾ ਘਰ ਹੈ। ਈਸਾਈ ਗਿਰਜੇ ਨੂੰ ਰੱਬ ਦਾ ਘਰ ਮੰਨਦੇ ਹਨ। ਕੀ ਇਹ ਸਾਰੇ ਪੂਜਾ-ਸਥਾਨ ਉਸ ਪੂਜਾ-ਸਥਾਨ ਦੇ ਬਰਾਬਰ ਹੋ ਸਕਦੇ ਹਨ ਜੇਹੜਾ ਕਿ ਸਾਡੇ ਸਾਰਿਆਂ ਦੇ ਲਈ ਪਰਮਾਤਮਾ ਨੇ ਬਣਾਇਆ ਹੈ? ਉਹ ਪੂਜਾ-ਸਥਾਨ ਇਹ ਦੁਨੀਆ ਹੈ—ਇਹ ਨਿੱਕੀ ਜਹੀ ਦੁਨੀਆ—ਇਹ ਵੱਡੀ ਸਾਰੀ ਦੁਨੀਆ—ਇਹ ਦੁਨੀਆ ਰੱਬ ਨੇ ਇਸ ਲਈ ਬਣਾਈ ਹੈ ਕਿ ਸਾਰੇ ਲੋਕ ਇਸਨੂੰ ਆਪਣਾ ਮਿਲਿਆ ਜੁਲਿਆ ਘਰ ਸਮਝਣ ਅਤੇ ਇਸ ਵਿਚ ਅਮਨ ਚੈਨ ਨਾਲ ਵੱਸਣ। ਇਕ ਦੂਜੇ ਨਾਲ ਪਿਆਰ ਕਰਨਾ ਸਿੱਖਣ। ਸਾਨੂੰ ਦੂਜੇ ਧਰਮਾਂ ਨੂੰ ਆਪਣੇ ਧਰਮ ਤੋਂ ਹੇਠ ਨਹੀਂ ਸਮਝਣਾ ਚਾਹੀਦਾ। ਦੂਜੇ ਧਰਮਾਂ ਦੀ ਆਲੋਚਨਾ ਕਰਨ ਨਾਲ ਹੀ ਬੰਦੇ ਵਿਚ ਫਿਰਕੂ ਭਾਵਨਾਵਾਂ ਜਾਗਦੀਆਂ ਹਨ। ਇਸ ਲਈ ਸਾਡਾ ਸਾਰਿਆਂ ਦਾ ਇਹ ਮੁਖ ਧਰਮ ਹੈ ਕਿ ਅਸੀਂ ਆਪਣੇ ਧਰਮ ਦੇ ਨਾਲ ਨਾਲ ਸਾਰੇ ਹੀ ਧਰਮਾਂ ਦਾ ਆਦਰ ਕਰਨਾ ਸਿੱਖੀਏ ਕਿਉਂ ਜੁ ਸਾਰੇ ਹੀ ਧਰਮ ਬੰਦੇ ਨੂੰ ਬੰਦੇ ਨਾਲ ਪ੍ਰੇਮ ਕਰਨਾ ਸਿਖਾਂਦੇ ਹਨ, ਨਾ ਕਿ ਘਿਰਨਾ ਕਰਨੀ।''

ਚੀਨੀ ਨਾਗਰਿਕ ਦੀ ਗੱਲ ਸੁਣਕੇ ਕਾਫ਼ੀ ਹਾਊਸ ਵਿਚ ਹਾਜ਼ਰ ਸਾਰੇ ਨਾਗਰਿਕ, ਜੇਹੜੇ ਕਿ ''ਪਰਮਾਤਮਾ ਕੀ ਹੈ?'' ਵਰਗੇ ਵਿਸ਼ੇ ਤੇ ਬਹਿਸ ਕਰ ਰਹੇ ਸਨ, ਚੁੱਪ ਹੋ ਗਏ ਅਤੇ ਫੇਰ ਉਹਨਾਂ ਵਿਚ ਇਸ ਗੱਲ ਤੇ ਝਗੜਾ ਨਹੀਂ ਹੋਇਆ ਕਿ ਕਿਸਦਾ ਵਿਸ਼ਵਾਸ ਸਹੀ ਹੈ ਅਤੇ ਕਿਸਦਾ ਗਲਤ ਹੈ।

# ਆਦਿ ਪੁਰਖ ਜਿਨ ਏਕ ਪਛਾਨਾ
# ਦੁਤੀਆ ਭਾਵ ਨ ਮਨ ਮਹਿ ਆਨਾ

ਚੌਪਈ

ਜਗ ਆਪਨ ਆਪ ਉਰਝਾਨਾ
ਪਾਰਬ੍ਰਹਮ ਕਾਹੂ ਨ ਪਛਾਨਾ
ਇਕ ਮੜੀਅਨ ਕਬਰਨ ਵੇ ਜਾਂਹੀ
ਦੁਹੂੰਅਨ ਮੈਂ ਪਰਮੇਸ਼ੁਰ ਨਾਹੀ ॥ ੧੮ ॥

ਏਹ ਦੋਊ ਮੋਹ ਬਾਦ ਮੋ ਪਚੇ ॥
ਇਨ ਤੇ ਨਾਥ ਨਿਰਾਲੇ ਬਚੇ ॥
ਜਾ ਤੇ ਛੂਟਿ ਗਯੋ ਭ੍ਰਮ ਉਰ ਕਾ ॥
ਤਿਹ ਆਗੈ ਹਿੰਦੂ ਕਿਆ ਤੁਰਕਾ ॥ ੧੯ ॥

ਇਕ ਤਸਬੀ ਇਕ ਮਾਲਾ ਧਰਹੀ ॥
ਏਕ ਕੁਰਾਨ ਪੁਰਾਨ ਉਚਰਹੀ ॥
ਕਰਤ ਬਿਰੁਧ ਗਏ ਮਰ ਮੂੜਾ
ਪ੍ਰਭ ਕੋ ਰੰਗੁ ਨ ਲਾਗਾ ਗੂੜਾ ॥ ੨੦ ॥

ਜੋ ਜੋ ਰੰਗ ਏਕ ਕੇ ਰਾਚੇ
ਤੇ ਤੇ ਲੋਕ ਲਾਜ ਤਜਿ ਨਾਚੇ
ਆਦਿ ਪੁਰਖ ਜਿਨ ਏਕੁ ਪਛਾਨਾ
ਦੁਤੀਆ ਭਾਵ ਨ ਮਨ ਮਹਿ ਆਨਾ ॥ ੨੧ ॥

ਜੋ ਜੋ ਭਾਵ ਦੁਤਿਯ ਮਹਿ ਰਾਚੇ
ਤੇ ਤੇ ਮੀਤ ਮਿਲਨ ਤੇ ਬਾਚੇ ॥
ਏਕ ਪੁਰਖ ਜਿਨ ਨੈਕ ਪਛਾਨਾ
ਤਿਨ ਹੀ ਪਰਮ ਤੱਤ ਕਹ ਜਾਨਾ ॥ ੨੨ ॥

ਜੋਗੀ ਸਨਿਆਸੀ ਹੈ ਜੇਤੇ ॥
ਮੁੰਡੀਆ ਮੁਸਲਮਾਨ ਗਨ ਕੇਤੇ ॥
ਭੇਖ ਧਰੇ ਲੂਟਤ ਸੰਸਾਰਾ
ਛਪਤ ਸਾਧ ਜਿੱਹ ਨਾਮ ਅਧਾਰਾ ॥ ੨੩ ॥

ਗੁਰੂ ਗੋਬਿੰਦ ਸਿੰਘ ਜੀ
ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੫੭


Sri Satguru Jagjit Singh Ji eLibrary NamdhariElibrary@gmail.com

# ਇਕ ਵਿਸ਼ੇਸ਼ ਕਵੀ ਮਿਲਣੀ

੧੯ ਜੂਨ ੧੯੯੦, ੪ ਵਜੇ ਬਾਦ ਦੁਪਹਿਰ ਕੁਝ ਕਵੀਆਂ ਨੂੰ ਜ਼ਿੰਦਗੀ ਦਾ ਸੁਨਹਿਰੀ ਮੌਕਾ ਮਿਲਿਆ। ਸ੍ਰੀ ਭੈਣੀ ਸਾਹਿਬ ਵਿਦਿਅਕ ਜਥੇ ਦੇ ਸਮਾਗਮ ਸਮੇਂ ਗਹਿਗਚ ਪਰੋਗਰਾਮ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਨੇ ਉਦਮ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਨੂੰ ਪ੍ਰੇਰ ਕੇ ਇਹਨਾਂ ਕਵੀਆਂ ਨੂੰ ਸਤਿਗੁਰੂ ਜੀ ਦੇ ਹਜ਼ੂਰ ਪੇਸ਼ ਕੀਤਾ। ਇਸ ਅਤੀ ਵਿਸ਼ੇਸ਼ ਮਿਲਣੀ ਵਿਚ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਮਾਣਦਿਆਂ ਕਵੀਆਂ ਨੇ ਆਪਣੀਆਂ ਸਾਹਿਤਕ ਅਤੇ ਧਾਰਮਕ ਕਵਿਤਾਵਾਂ, ਗ਼ਜ਼ਲਾਂ ਪੇਸ਼ ਕੀਤੀਆਂ। ਇਸ ਵੱਡੇ ਮਹੱਤਵ ਵਾਲੇ ਛੋਟੇ ਜਿਹੇ 'ਕਵੀ-ਦਰਬਾਰ' ਦੀ ਸੰਚਾਲਨਾ ਸ੍ਰੀ ਪ੍ਰੀਤਮ ਸਿੰਘ ਕਵੀ ਨੇ ਕੀਤੀ ਅਤੇ ਉਹਨਾਂ ਨੇ ਕਵੀਆਂ ਦਾ ਪਰੀਚੈ ਵੀ ਕਰਵਾਇਆ। ਉਹਨਾਂ ਕਿਹਾ ਕਿ ਅਜ ਕਵੀ ਦੇ ਤੌਰ ਤੇ ਸਤਿਗੁਰੂ ਜੀ ਦੇ ਰੂਬਰੂ ਪੇਸ਼ ਹੁੰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ। ਉਹਨਾਂ ਆਸ ਵੀ ਪ੍ਰਗਟ ਕੀਤੀ ਕਿ ਸਤਿਗੁਰੂ ਜੀ ਵੀ ਆਪਣੀ ਬਚਪਣ ਵਿਚ ਲਿਖੀ ਕਵਿਤਾ ਸੁਨਾਉਣਗੇ। ਸਤਿਗੁਰਾਂ ਨੇ ਬਹੁਤ ਦਿਲਚਸਪੀ ਨਾਲ ਕਵੀਆਂ ਨੂੰ ਸੁਣਿਆ। ਉਹਨਾਂ ਨੂੰ ਸਤਿਕਾਰ ਵੀ ਦਿਤਾ—ਕਵੀਆਂ ਨੇ ਦੋ ਦੌਰਾਂ ਵਿਚ ਆਪ-ਣੀਆਂ ਰਚਨਾਵਾਂ ਸੁਣਾਈਆਂ। ਜਿਹੜੇ ਕਵੀਆਂ ਨੂੰ ਇਸ ਕਵੀ—ਸਤਿਗੁਰ ਮਿਲਣੀ ਵਿਚ ਹਿਸਾ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਉਹਨਾਂ ਦੇ ਨਾਮ ਹਨ :

ਮਾਸਟਰ ਅਮਰੀਕ ਸਿੰਘ, ਕ੍ਰਿਸ਼ਨ ਭਨੋਟ, ਸੁਖਜੀਤ, ਸੁਰਜੀਤ ਖੁਰਸ਼ੀਦੀ, ਪ੍ਰੀਤਮ ਸਿੰਘ ਕਵੀ, ਸੰਤੋਖ ਸਿੰਘ ਸਾਜਨ, ਰਣਧੀਰ ਸਿੰਘ ਧੀਰ।

ਕਵੀਆਂ ਦੀਆਂ ਰਚਨਾਵਾਂ 'ਚੋਂ ਕੁਝ ਅੰਸ਼ ਪੇਸ਼ ਹਨ :

ਇਹ ਸਮਰਪਨ ਹੈ ਕਿ ਬਸ ਹੋਂਦ ਮਿਟਾ ਜਾਂਦੀ ਹੈ
ਇਕ ਨਦੀ ਜਦ ਕਿ ਸਮੁੰਦਰ 'ਚ ਸਮਾ ਜਾਂਦੀ ਹੈ
ਪਰਦਾ ਉਠਦਾ ਹੈ, ਜਨਮਦਾ ਹੈ ਜਦੋਂ ਵੀ ਕੋਈ
ਮੌਤ ਆਉਂਦੀ ਹੈ ਜਦੋਂ, ਪਰਦਾ ਗਿਰਾ ਜਾਂਦੀ ਹੈ
ਮੇਰੀ ਜਾਣੀ ਹੋਰ ਕਿਹੜੀ ਇਸ ਕਦਰ ਖੁਸ਼ਬੂ
ਚਲੇ ਹੀ ਆ ਰਹੇ ਨੇ ਲਿਆਈ ਖਬਰ ਖੁਸ਼ਬੂ
(ਗਜ਼ਲਾਂ ਕ੍ਰਿਸ਼ਨ ਭਨੋਟ)

ਮੇਰੀਆਂ ਗ਼ਜ਼ਲਾ ਮੇਰੇ ਗੀਤ
ਤੁਸਾਂ ਨੂੰ ਅਰਪਿਤ ਮੇਰੇ ਮੀਤ
ਯਾਦ ਕਰਾਂ ਤਾਂ ਛਿੜ ਜਾਂਦਾ ਏ
ਮੇਰੇ ਅੰਦਰ ਸਹਿਜ ਸੰਗੀਤ

ਮੇਰੀ ਦੀਵਾਨਗੀ ਹੀ ਜ਼ਿੰਦਗੀ ਨੂੰ ਰਾਸ ਆਈ ਹੈ
ਮੈਂ ਮਦਹੋਸ਼ ਹੋ ਕੇ ਹੀ ਹਕੀਕੀ ਹੋਸ਼ ਪਾਈ ਹੈ
(ਮਾਸਟਰ ਅਮਰੀਕ ਸਿੰਘ

ਨਾਮ ਜੀਹਦਾ ਹਰ ਜ਼ਬਾਂ ਦਾ ਜਾਪ ਹੈ
ਓਹੀ ਮੇਰਾ ਸਤਿਗੁਰੂ ਪ੍ਰਤਾਪ ਹੈ
ਤੇਜ ਲਖਾਂ ਸੂਰਜਾਂ ਤੋਂ ਤੇਜ ਸੀ
ਚੰਦ ਮੰਗੀ ਠੰਡ ਜੀਹਤੋਂ ਆਪ ਹੈ
(ਸੰਤੋਖ ਸਿੰਘ ਸਾਜਨ)

ਸ਼ਾਇਰ ਅਸੀਸ ਮੰਗਦਾ ਹੈ
ਹੇ ਧਰਤੀ ਮਾਂ
ਦੂਰੋਂ ਬਹੁਤ ਸੁੰਦਰ ਜਾਪਦੇ ਨੇ
ਚੰਨ ਸੂਰਜ ਤਾਰੇ
ਪਰ ਤੇਰੇ ਵਰਗਾ ਕੋਈ ਵੀ ਨਾ
ਹੇ ਧਰਤੀ ਮਾਂ
ਤੇਰੀ ਸੁੰਦਰਤਾ ਤੋਂ ਵਾਰੇ ਜਾਂ
ਮੈਂ ਤੈਨੂੰ ਪਿਆਰਦਾ ਹਾਂ
ਤੇਰੇ ਪੱਲੇ 'ਚ ਜ਼ਿੰਦਗੀ ਸਾਹ ਲੈਂਦੀ ਹੈ
(ਸੁਖਜੀਤ)

ਭਾਦੋਂ ਦੀਏ ਰੁਤੇ ਭਾਵੇਂ ਲੱਖ ਵਾਰੀ ਫੁਲੀਂ ਫਿਰੇਂ
ਕੰਤ ਵਿਛੋੜੇ ਸਾਡੇ ਵਸਲਾਂ ਦੀ ਰੁੱਤ ਨੀ
ਦਰਦ ਭਲਾਉਣ ਤਾਂ ਲਖਾਂ ਰੁੱਤਾਂ ਭੌਂਦੀਆਂ ਨੇ
ਦੂਨ ਸਵਾਏ ਹੁੰਦੇ ਹਿਜਰਾਂ ਦੇ ਦੁੱਖ ਨੀ
ਹਰੀ ਹਰੀ, ਭਰੀ ਭਰੀ, ਸੂਹੇ ਸੂਹੇ ਹਾਸੇ ਹਸੇਂ
ਫੁਲੀ ਨਾ ਸਮਾਵੇਂ ਤੈਨੂੰ ਲਗੀਆਂ ਦੀ ਸਾਰ ਕੀ
ਧਰਤ ਸੁਹਾਵੀ ਨੀ ਕਰਾਵੇ ਯਾਦ ਜੋਗੜੇ ਦੀ
ਦਾਗ ਨ ਲਵੇਂਦੀ ਜਾਂਦੀ ਪਹਿਲਾਂ ਪਹਿਲਾਂ ਮੁੱਕ ਨੀ
(ਰਣਧੀਰ ਸਿੰਘ ਧੀਰ)

ਤਮੰਨਾ ਦਾ ਬਣੇਗਾ ਕੀ ਗੁਰੂ ਜਾਣੇ ਗੁਰੂ ਜਾਣੇ
ਉਮੀਦਾਂ ਦਾ ਬਣੇਗਾ ਕੀ, ਗੁਰੂ ਜਾਣੇ ਗੁਰੂ ਜਾਣੇ
ਮੁਲੱਮਾ ਮੁੱਲਾ ਪਾਉਂਦਾ ਹੈ, ਹੀਰਾ ਗਲ ਹੈ ਖੋਤੇ ਦੇ
ਦੁਨੀਆਂ ਦਾ ਬਣੇਗਾ ਕੀ, ਗੁਰੂ ਜਾਣੇ ਗੁਰੂ ਜਾਣੇ
(ਸੁਰਜੀਤ ਖੁਰਸ਼ੀਦੀ)

ਬੰਸੀ ਦੀ ਧੁਨ ਵਾਂਗਰਾਂ ਸੋਹਣਿਆਂ ਤੇਰੇ ਬੋਲ
ਰਸ ਬਖੇਰਦੇ ਝਰੀ ਜਾਣ, ਮੇਰੇ ਕੰਨਾਂ ਕੋਲ
ਧੁਰ ਹਿਰਦੇ ਵਿਚ ਪਹੁੰਚਦੇ ਬਣ ਮਦਭਿੰਨਾ ਰਾਗ
ਯਾਦ ਕਰਦਿਆਂ ਕੂਕ ਪਾਂ, ਮਿਲਸੇਂ ਕਦੋਂ ਆ ਕੋਲ
(ਪ੍ਰੀਤਮ ਸਿੰਘ ਕਵੀ)



Sri Satguru Jagjit Singh Ji eLibrary NamdhariElibrary@gmail.com

# ਚਾਰ ਦਿਹਾੜੇ ਮੰਡੀ ਵਿਚ

**—ਜਗਦੀਸ਼ ਸਿੰਘ**

ਸਮੁੰਦਰ ਤੱਲ ਤੋਂ ੭੬੦ ਮੀਟਰ ਉੱਚਾ, ਸ਼ਿਵਾਲਕ ਦੀਆਂ ਪਹਾੜੀਆਂ ਦੇ ਕੁੱਛੜ,ਮਾਨ ਮੱਤੇ ਬਿਆਸ ਦਰਿਆ ਦੇ ਖੱਬੇ ਕੰਢੇ ਤੇ ਵਸਿਆ ਇਕ ਰਮਨੀਕ ਨਗਰ ਹੈ ਮੰਡੀ। ਮੰਡੀ ਦਾ ਸ਼ਾਬਦਕ ਅਰਥ ਹੈ ਬਾਜ਼ਾਰ, ਮਾਰਕਿਟ। ਕਹਿੰਦੇ ਹਨ ਕਿ ਪਹਿਲਾਂ ਇਹ ਸੱਚਮੁਚ ਲਦਾਖ ਤੋਂ ਪੰਜਾਬ ਵੱਲ ਆਉਣ ਜਾਣ ਵਾਲੇ ਸਾਮਾਨ ਦੀ ਮੰਡੀ ਹੀ ਸੀ। ਇਹ ਵੀ ਧਾਰਨਾ ਹੈ ਕਿ ਰਿਸ਼ੀ ਮਾਂਡਵ ਨੇ ਇਥੇ ਬਿਆਸ ਦਰਿਆ ਦੇ ਕੰਢੇ ਤੇ ਮਹਾਨ ਤਪਸਿਆ ਕੀਤੀ ਸੀ ਇਸ ਵਾਸਤੇ ਮੰਡੀ ਨਾਮ ਪ੍ਰਸਿੱਧ ਹੋਇਆ। ਇਹ ਨਗਰ ਪੁਰਾਣੀ ਰਿਆਸਤ ਮੰਡੀ ਦੀ ਰਾਜਧਾਨੀ ਰਿਹਾ ਹੈ। ਹੁਣ ਇਹ ਹਿਮਾਚਲ ਦਾ ਇਕ ਅਹਿਮ ਜ਼ਿਲ੍ਹਾ ਕੇਂਦਰ ਹੈ। ਕੁਲੂ-ਮਨਾਲੀ ਰੁਹਤਾਂਗ ਦੀ ਯਾਤਰਾ ਵਾਸਤੇ ਇਹ ਪੂਰਵ ਪੜਾਅ ਹੈ। ਇਹਨਾਂ ਥਾਵਾਂ ਨੂੰ ਜਾਣ ਵਾਸਤੇ ਭਾਵੇਂ ਪਠਾਨਕੋਟ ਤੋਂ ਚਲੋ ਭਾਵੇਂ ਰੋਪੜ ਕੀਰਤਪੁਰ ਤੋਂ ਜਾਂ ਹੋਰ ਪਾਸਿਓਂ, ਪਹਿਲਾਂ ਪਹੁੰਚਣਾ ਮੰਡੀ ਹੀ ਪੈਂਦਾ ਹੈ। ਇਥੋਂ ਦੀ ਸੁੰਦਰਤਾ ਮਨਾਂ ਨੂੰ ਮੋਂਹਦੀ ਹੈ ਅਤੇ ਪ੍ਰਾਹੁਣਾਚਾਰੀ ਧੁਰ ਦਿਲ ਤਕ ਅਸਰ ਕਰਦੀ ਹੈ। ਠੰਢ ਵੀ ਦੇਂਦੀ ਹੈ ਅਤੇ ਨਿੱਘ ਵੀ ਪਹੁੰਚਾਂਦੀ ਹੈ। ਕੋਈ ਸੱਤਾਂ ਸਾਲਾਂ ਦੇ ਵਕਫੇ ਬਾਦ ਇਸ ਨਗਰ ਦੀ ਯਾਤਰਾ ਦਾ ਅਵਸਰ ਬਣ ਹੀ ਗਿਆ।

ਗੱਲ ਇਵੇਂ ਬਣੀ ਕਿ ਜਲੰਧਰ ਦੂਰਦਰਸ਼ਨ ਕੇਂਦਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਅਤੇ ਦਰਸ਼ਨ ਤੇ ਇਕ ਦਸਤਾਵੇਜ਼ੀ ਫਿਲਮ ਬਣਾ ਰਿਹਾ ਹੈ। ਇਹ ਫਿਲਮ ਸਤਿਗੁਰੂ ਜੀ ਦੀ ਜਨਮ ਸ਼ਤਾਬਦੀ ਦੇ ਅਵਸਰ ਤੇ ਹੈ। ਇਸ ਕਾਰਜ ਦੇ ਮੁਖੀ ਹਨ ਸਫਲ ਡਾਕੂਮੈਂਟਰੀਆਂ ਦੇ ਨਿਰਮਾਤਾ ਸ੍ਰੀ ਲਖਵਿੰਦਰ ਜੌਹਲ। ਇਨ੍ਹਾਂ ਦੀ ਕੈਮਰਾ ਟੀਮ ਅਗੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਜਾ ਜਾ ਕੇ ਸ਼ੂਟਿੰਗ ਕਰ ਚੁੱਕੀ ਹੈ। ਮੰਡੀ ਸ਼ਹਿਰ ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਚਰਨਾਂ ਦੁਆਰਾ ਵਰੋਸਾਇਆ ਹੋਇਆ ਹੈ ਇਸ ਵਾਸਤੇ ਸਤਿਗੁਰੂ ਜੀ ਨਾਲ ਸੰਬੰਧਤ ਵਿਸ਼ੇਸ਼ ਸਥਾਨਾਂ ਨੂੰ ਕੈਸਟ ਬੰਦ ਕਰਨ ਲਈ ਜੌਹਲ ਸਾਹਿਬ ਦੀ ਟੀਮ ਮੰਡੀ ਪੁੱਜੀ। ਦੂਰਦਰਸ਼ਨ ਦੇ ਹੀ ਪ੍ਰਸਿੱਧ ਨਿਰਮਾਤਾ ਅਤੇ ਸ਼ਾਇਰ ਸਵੀਤੋਜ ਵੀ ਆਪਣੀ ਜੀਵਨ ਸੰਗਨੀ ਨਾਲ ਗਏ ਹੋਏ ਸਨ। ਕੈਮਰਾਮੈਨ ਜੇ.ਪੀ. ਸਿੰਘ ਵੀ ਪਰਿਵਾਰ ਸਹਿਤ ਹੀ ਗਏ। ਇਸ ਪ੍ਰਕਾਰ ਸਾਡੀ ਇਹ ਯਾਤਰਾ ਹੋਰ ਵੀ ਰੌਚਕ ਹੋ ਗਈ। ਅੰਗਰੇਜ਼ੀ ਵਿਦਵਾਨ ਬਲੇਕ ਨੇ ਕਿਹਾ ਹੈ ਕਿ "ਉਦੋਂ ਮਹਾਨ ਗੱਲਾਂ ਹੁੰਦੀਆਂ ਹਨ ਜਦੋਂ ਮਨੁੱਖ ਤੇ ਪਰਬਤ ਮਿਲਦੇ ਹਨ" ਪਰ ਜਦੋਂ ਕਲਾਕਾਰ ਕਵੀ ਤੇ ਪਰਬਤ ਮਿਲਣ ਤਾਂ ਕਲਾ ਕ੍ਰਿਤੀਆਂ ਜਨਮ ਲੈਂਦੀਆਂ ਹਨ।

ਜਦੋਂ ਅਸੀਂ ਜਲੰਧਰੋਂ ਚੱਲੇ ਸਾਂ ਤਾਂ ਭਰਪੂਰ ਬਾਰਸ਼ ਹੋ ਰਹੀ ਸੀ। ਤੌਖਲਾ ਇਹ ਸੀ ਕਿ ਮੰਡੀ ਵਿਚ ਵੀ ਜੇ ਬਾਰਸ਼ਾਂ ਹੋਈਆਂ ਤਾਂ ਕੀਹ ਬਣੂ। ਮੰਡੀ ਜਾਣ ਦਾ ਪ੍ਰੋਗਰਾਮ ਕਾਫੀ ਸਮੇਂ ਤੋਂ ਅਗੇ ਤੋਂ ਅਗੇਰੇ ਪੈਂਦਾ ਗਿਆ ਸੀ। ਜਿਹੜੀਆਂ ਬਾਰਸ਼ਾਂ ਨੂੰ ਲੋਕ ਸਹਿਕਦੇ ਪਏ ਸਨ ਉਹ ਆ ਗਈਆਂ ਸਨ ਅਤੇ ਪਹਾੜਾਂ ਵਿਚ ਤਾਂ ਉਂਝ ਵੀ ਮੇਘਲੇ ਦੀ ਕ੍ਰਿਪਾ ਹੁੰਦੀ ਹੀ ਰਹਿੰਦੀ ਹੈ। ਬਾਰਸ਼ਾਂ ਸੁਆਗਤ ਯੋਗ ਸਨ ਪਰ ਫਿਲਮ ਖਿਚਣ ਦੇ ਕਾਰਜ ਵਿਚ ਤਾਂ ਵਿਘਨਕਾਰੀ ਹੀ ਸਨ।

ਮੰਡੀ ਜਾਣ ਵਾਸਤੇ ਪਹਿਲਾਂ ਤਾਂ ਪਠਾਨਕੋਟ ਜੁਗਿੰਦਰ ਨਗਰ ਦਾ ਰਸਤਾ ਹੀ ਸੀ। ਕਾਫੀ ਚਿਰ ਤੋਂ ਰੋਪੜ ਕੀਰਤਪੁਰ ਸੁੰਦਰ ਨਗਰ ਮਾਰਗ ਬਣਿਆ ਹੋਇਆ ਹੈ। ਇਹ ਰਸਤਾ ਜੁਗਿੰਦਰ ਨਗਰ ਵਾਲੇ ਮਾਰਗ ਤੋਂ ਵਧੀਆ ਹੈ ਵਕਤ ਵੀ ਘੱਟ ਲਗਦਾ ਹੈ। ਪਰ ਅਸੀਂ ਇਸ ਵਾਰ ਗੜ੍ਹਸ਼ੰਕਰ ਰਾਹੀਂ ਗਏ। ਅਨੰਦਪੁਰ ਸਾਹਿਬ ਲਾਗੇ ਸਤਿਲੁਜ ਤੇ ਨਵਾਂ ਪੁਲ ਬਣ ਜਾਣ ਕਰਕੇ ਸਮਾਂ ਬਹੁਤ ਘੱਟ ਲਗਿਆ। ਕੀਰਤਪੁਰ ਤੇ ਸਰਹੰਦ ਨਹਿਰ ਕੰਢੇ ਛਕਿਆ ਲੰਗਰ—ਸਵਾਰ ਘਾਟ ਦੀ ਚੜ੍ਹਾਈ ਉਤਰਾਈ ਵਿਚ ਬਿਲਾਸਪੁਰ ਦਾ ਦ੍ਰਿਸ਼ਟ-ਅਦ੍ਰਿਸ਼ਟ ਹੁੰਦਾ ਨਜ਼ਾਰਾ, ਸਲਾਪੜ ਸੁੰਦਰ ਨਗਰ ਦੇ ਨਜ਼ਾਰੇ ਸਾਡੇ ਪਹਿਲੇ ਦਿਨ ਦੀ ਯਾਤਰਾ ਦੇ ਸਹਾਇਕ ਸਨ। ਮੰਡੀ ਪੁਜ ਕੇ ਯੁਗ ਮਰਯਾਦਾ ਦੇ ਸੰਪਾਦਕ ਸ: ਨਰਿੰਦਰ ਸਿੰਘ ਹੋਰਾਂ ਨੂੰ ਲਭਿਆ। ਉਹਨਾਂ ਆਪਣੀ ਪ੍ਰੈਸ ਤੋਂ ਛੁੱਟੀ ਕਰਕੇ ਅਗਲੇ ਦੋ ਚਾਰ ਦਿਨ ਸਾਨੂੰ ਹੀ ਅਰਪਿਤ ਕਰ ਦਿਤੇ। ਮੰਡੀ ਦੀ ਮਿਠੀ ਠੰਢ ਵਿਚ ਆਨੰਦਮਈ ਭੋਜਨ ਬਾਦ ਰਾਤ ਨੂੰ ਆਈ ਗੂਹੜੀ ਨੀਂਦ ਨੇ ਸਫਰ ਦੀ ਥਕਾਨ ਲਾਹ ਦਿਤੀ।

ਅਗਲੇ ਦਿਨ ਮੌਸਮ ਇਕ ਦੋ ਝਘਾਨੀਆਂ ਦੇ ਕੇ ਮੁੜ ਸਾਫ ਹੋ ਗਿਆ। ਅੱਜ ਦੀ ਸ਼ੂਟਿੰਗ ਦਾ ਵਿਸ਼ੇਸ਼ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਵਾਸ ਸਥਾਨ ਦਾ ਫਿਲਮਾਂਕਣ ਕਰਨਾ ਸੀ। ਦਰਿਆ ਬਿਆਸ ਰੁਹਤਾਂਗ ਤੋਂ ਤੁਰ ਕੇ ਮਾਰੋ ਮਾਰ ਕਰਦਾ ਪਹਾੜਾਂ ਵਿਚੀਂ ਥੱਲੇ ਨੂੰ ਆਉਂਦਾ ਹੈ। ਭਾਵੇਂ ਪੰਡੋਹ ਵਿਚ ਤਗੜਾ ਬੰਨ੍ਹ ਮਾਰ ਕੇ ਇਸ ਚੋਂ ਪਾਣੀ ਗੋਬਿੰਦ ਸਾਗਰ ਵਾਸਤੇ ਸਤਿਲੁਜ ਲਈ ਵੱਖ ਕੀਤਾ ਗਿਆ ਹੈ ਫੇਰ ਵੀ ਕਾਫੀ ਪਾਣੀ ਬਿਆਸ ਦੇ ਕਲਾਵੇ ਵਿਚ ਬਚਿਆ ਰਹਿੰਦਾ ਹੈ। ਮੰਡੀ, ਦਰਿਆ ਬਿਆਸ ਦੀ ਕ੍ਰਿਪਾ ਕਰਕੇ ਪ੍ਰਫੁਲਤ ਰਹੀ ਹੈ। ਇਹ ਦਰਿਆ, ਮੰਡੀ ਨਗਰ ਲੰਘ ਕੇ ਥੋਹੜਾ ਮੋੜ ਕੱਟਦਾ ਹੈ। ਵਿਸ਼ਾਲ ਹੁੰਦਾ ਹੈ, ਪੱਥਰਾਂ ਦੇ



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਬਣ ਰਹੀ ਟੀ. ਵੀ. ਦੀ ਦਸਤਾਵੇਜ਼ੀ ਫਿਲਮ ਦੀ ਮੰਡੀ ਵਿਚ ਸ਼ੂਟਿੰਗ ਤੋਂ ਪਹਿਲਾਂ ਸੂਬਾ ਜੈਮਲ ਸਿੰਘ ਜੀ ਦੂਰਦਰਸ਼ਨ ਦੇ ਸ੍ਰੀ ਲਖਵਿੰਦਰ ਜੌਹਲ ਅਤੇ ਟੀਮ ਨੂੰ ਇਤਿਹਾਸਕ ਜਾਣਕਾਰੀ ਦੇਂਦ ਹੋਏ।

ਨਾਲ ਨਾਲ ਰੇਤ ਵੀ ਖਿਲਾਰਦਾ ਹੈ ਜਿਵੇਂ ਸਮੁੰਦਰ ਕੰਢੇ ਬੀਚ ਬਣੀ ਹੋਵੇ। ਇਥੇ ਹੀ ਮੋੜ ਤੇ ਬਿਆਸ ਦੇ ਕੰਢੇ ਤੇ ਦੋ ਥਾਵਾਂ ਐਸੀਆਂ ਹਨ ਜਿਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਭਰਵੀਂ ਛੋਹ ਪ੍ਰਾਪਤ ਹੋਈ। ਪੁਰਾਣੀ ਕੋਠੀ ਅਤੇ ਨਵੀਂ ਕੋਠੀ ਕਰਕੇ ਪ੍ਰਸਿੱਧ ਇਹ ਇਮਾਰਤਾਂ ਸਤਿਗੁਰੂ ਪ੍ਰਤਾਪ ਸਿੰਘ ਦਾ ਚੇਤਾ ਕਰਵਾਂਦੀਆਂ ਹਨ। ਸੂਬਾ ਜੈਮਲ ਸਿੰਘ ਜੀ ਨੇ ਇਹਨਾਂ ਕੋਠੀਆਂ ਦਾ ਇਤਿਹਾਸ ਦੱਸਿਆ ਕਿ ਦੇਸ਼ ਵੰਡ ਤੋਂ ਪਹਿਲਾਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ ਤੇ ਪੁਰਾਣੀ ਕੋਠੀ ਖਰੀਦੀ ਗਈ—ਬਾਦ ਵਿਚ ਉਸ ਦੇ ਲਾਗੇ ਹੁਣ ਵਾਲੀ ਕੋਠੀ ਲਈ ਗਈ! ਮੰਡੀ ਜੁਗਿੰਦਰ ਨਗਰ ਮਾਰਗ ਤੋਂ ਇਹ ਕੋਠੀ ਇਕ ਬਿੰਦੂ ਵਾਂਗ ਲਗਦੀ ਹੈ। ਜਦੋਂ ਸਾਡੀ ਜਿਪਸੀ ਦੂਰ ਥਲੇ ਚਲੀ ਗਈ ਤਾਂ ਸੜਕ-ਮਾਰਗ ਆਕਾਸ਼ ਮਾਰਗ ਜਾਪੇ।

ਕੋਠੀ ਦੇ ਨਾਲ ਘਾਹ ਦੇ ਬਗੀਚੇ ਹਨ। ਪਰੇ ਰੇਤ ਅਤੇ ਵੱਡੇ ਛੋਟੇ ਗੋਲ ਮਲਾਇਮ ਪੱਥਰਾਂ ਦੇ ਭੰਡਾਰ ਹਨ। ਦਰਿਆ ਬਿਆਸ ਕਿਤੇ ਗੋਡੇ ਗੋਡੇ ਅਤੇ ਕਿਤੇ ਦਸ ਦਸ ਬੰਦੇ ਡੋਬੂ ਹੈ। ਦਰਿਆ ਦਾ ਬਹਾਓ ਬਹੁਤ ਤੇਜ਼ ਹੈ। ਪਾਣੀ ਕਿਤੇ ਕਿਤੇ ਤਿੰਨ ਤਿੰਨ ਰੰਗਾ ਵੀ ਹੈ। ਉਪਰੋਂ ਆਉਂਦਾ ਪਾਣੀ ਅਤੇ ਸੁਕੇਤੀ ਖੱਡ ਚੋਂ ਸ਼ਾਮਲ ਹੋਇਆ ਵੱਖ ਵੱਖ ਵੀ ਦਿਸਦੇ ਹਨ। ਉਂਜ ਤਾਂ ਇਹ ਸਾਰਾ ਇਲਾਕਾ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤਾਪ ਨਾਲ ਨੂਰੋ ਨੂਰ ਹੈ ਪਰ ਇਥੇ ਦਰਿਆ ਦੇ ਕੰਢੇ ਦੇ ਲਾਗੇ ਪਾਣੀ ਦੇ ਵਿਚ ਤੇ ਬਾਹਰ ਦੋ ਵੱਡੀਆਂ ਸਿਲਾਂ ਹਨ। ਇਹਨਾਂ ਤੇ ਬੈਠ ਕੇ ਸਤਿਗੁਰੂ ਪ੍ਰਤਾਪ ਸਿੰਘ ਭਜਨ ਕਰਿਆ ਕਰਦੇ ਸਨ। ਅੰਦਾਜ਼ੇ ਦੇ ਉਲਟ ਇਸ ਥਾਂ ਦਾ ਫਿਲਮਾਂਕਣ ਕਰਦਿਆਂ ਬਹੁਤ ਸਮਾਂ ਲਗ ਗਿਆ! ਗੱਲ ਹੀ ਐਸੀ ਸੀ। ਇਸ ਸਾਰੇ ਸਥਾਨ ਦੀ ਸੁੰਦਰਤਾ ਅਤੇ ਵਾਤਾਵਰਨ ਕੋਈ ਗੱਲ ਛੱਡਣ ਨਹੀਂ ਸੀ ਦੇ ਰਹੀ। ਪੱਥਰਾਂ ਉਤੋਂ ਪਾਣੀ 'ਚ ਜਾ ਜਾ ਕੇ, ਗੋਡੇ ਗੋਡੇ ਘਾਹ ਵਿਚੋਂ ਲੰਘ ਲੰਘ ਕੇ ਮੋਢ ਤੇ ਕੈਮਰਾ ਤੇ ਸਟੈਂਡ ਚੁਕੀ ਯੂਨਿਟ ਨੇ ਫਿਲਮਾਂਕਣ ਕੀਤਾ। ਇਸ ਸਮੇਂ ਸੂਬਾ ਜੈਮਲ ਸਿੰਘ ਜੀ, ਵਿਦਿਅਕ ਜੱਥੇ ਦੇ ਪ੍ਰਧਾਨ ਸ: ਸਤਿੰਦਰਪਾਲ ਸਿੰਘ, ਯੁਗ ਮਰਯਾਦਾ ਦੇ ਸੰਪਾਦਕ ਨਰਿੰਦਰ ਸਿੰਘ ਅਤੇ ਸ: ਮੋਹਣ ਸਿੰਘ ਉਥੇ ਰਹਿ ਕੇ ਹਰ ਪ੍ਰਕਾਰ ਦਾ ਸਹਿਯੋਗ ਦੇ ਰਹੇ ਸਨ। ਜਦੋਂ ਕੰਮ ਕਰਦਿਆਂ ਦੋ ਵਜ ਗਏ ਤਾਂ ਲੰਗਰ ਵੀ ਉਥੇ ਹੀ ਹਾਜ਼ਰ ਸੀ। ਦਰਿਆ ਵਿਚ ਸਿਲਾਂ ਤੇ ਬੈਠ ਕੇ ਛਕਿਆ ਲੰਗਰ ਅਦਭੁਤ ਯਾਦ ਹੈ। ਜਦੋਂ ਲੰਗਰ ਛਕਦਿਆਂ ਸਵੀਤੋਜ ਨੇ ਵਾਰਨਿੰਗ ਦਿਤੀ ਕਿ ਵੇਖਿਓ, ਜਿਹੜੇ ਅੰਬ਼ ਤੇ ਮੇਰਾ ਨਾਮ ਲਿਖਿਆ ਹੈ ਉਹ ਤਾਂ ਰੁੜ੍ਹ ਚਲਿਆ ਹੈ। ਬਾਕੀ ਸਾਰੇ ਤਾਂ ਹੱਸ ਰਹੇ ਸਨ ਪਰ ਸਵੀਤੋਜ ਉਸੇ ਅੰਬ ਨੂੰ ਚੂਪ ਰਿਹਾ ਸੀ। ਅੰਬਾਂ ਦਾ ਥੈਲਾ ਬਰਫ ਠੰਡੇ ਪਾਣੀ ਵਿਚ ਟਿਕਾਇਆ ਹੋਇਆ ਸੀ। ਸਵੀਤੋਜ



Sri Satguru Jagjit Singh Ji eLibrary NamdhariElibrary@gmail.com



ਦਰਿਆ ਬਿਆਸ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਬੰਧਤ ਸਥਾਨਾਂ ਦੀ ਸ਼ੂਟਿੰਗ ਲਈ ਤਿਆਰ ਟੀ.ਵੀ. ਟੀਮ।

ਦੀ ਦਿਬ ਦ੍ਰਿਸ਼ਟੀ ਵੇਖ ਰਹੀ ਸੀ ਕਿ ਜਿਹੜੇ ਅੰਬਾਂ ਤੇ ਉਹਦਾ ਨਾਮ ਲਿਖਿਆ ਹੈ ਉਹੀ ਤਾਂ ਰੁੜ ਚਲੇ ਸਨ। ਜੋਹਲ ਨੇ ਦਸਿਆ ਕਿ ਢੇਰ ਸਾਰੇ ਬਿਨ ਬੁਲਾਏ ਮਹਿਮਾਨ ਕਿਸੇ ਦੇ ਘਰ ਜਾ ਕੇ ਰੋਟੀ ਖਾ ਰਹੇ ਸਨ ਅਤੇ ਨਾਲੋ ਨਾਲ ਕਹਿ ਰਹੇ ਸਨ ਕਿ ਦਾਣੇ ਦਾਣੇ ਤੇ ਖਾਣ ਵਾਲੇ ਦੀ ਮੋਹਰ ਹੁੰਦੀ ਹੈ। ਘਰ ਵਾਲਾ ਕਹਿਣ ਲਗਾ ਜੀ ਦਾਣੇ ਦਾਣੇ ਤੇ ਕੀਹ ਇਥੇ ਤਾਂ ਸਾਰੀ ਬੋਰੀ ਤੇ ਹੀ ਤੁਹਾਡੀ ਮੋਹਰ ਲਗੀ ਹੈ।...

ਮੰਡੀ ਵਿਚ ਟਾਰਨਾ ਨਾਮ ਦੀ ਇਕ ਉਚੀ ਪਹਾੜੀ ਹੈ। ਇਥੇ ਇਕ ਤਾਂ ਸ਼ਿਆਮਾ ਕਲੀ ਦਾ ਪ੍ਰਸਿੱਧ ਮੰਦਰ ਹੈ। ਇਹ ਪੱਥਰਾਂ ਦੁਆਰਾ ਨਿਰਮਿਤ ਹੈ। ਮੰਡੀ ਵਿਚ ਹੋਰ ਵੀ ਪ੍ਰਸਿੱਧ ਮੰਦਰ ਹਨ ਜਿਵੇਂ ਭੂਤ ਨਾਥ, ਤ੍ਰਲੋਕ ਨਾਥ ਅਤੇ ਪੰਚਵਕਰਤਾ ਆਦਿ। ਸਦੀਆਂ ਤੋਂ ਲੋਕ ਇਥੇ ਪੂਜਾ ਪ੍ਰਤਿਸ਼ਠਾ ਨਿਸ਼ਠਾ ਲਈ ਆਉਂਦੇ ਹਨ। ਟਾਰਨਾ ਪਹਾੜੀ ਦੇ ਸਿਖਰ ਤੇ ਸੋਹਣਾ ਪਾਰਕ ਵੀ ਹੈ ਅਤੇ ਇਥੇ ਹੀ ਦੂਰਦਰਸ਼ਨ ਦਾ ਰੀਲੇਅ ਕੇਂਦਰ ਹੈ। ਇਸ ਦੇ ਇੰਚਾਰਜ ਸ: ਜਵਿੰਦਰ ਸਿੰਘ ਏ.ਈ. ਹਨ। ਇਹ ਜਲੰਧਰੋਂ ਹੀ ਗਏ ਹਨ। ਜਦੋਂ ਇਹਨਾਂ ਨੂੰ ਪਤਾ ਲਗਾ ਤਾਂ ਦੋ ਦਿਨਾਂ ਲਈ ਇਹ ਵੀ ਯੂਨਿਟ ਦੇ ਮੈਂਬਰ ਹੀ ਬਣ ਗਏ। ਮੰਡੀ ਦੀਆਂ ਕੁਝ ਪ੍ਰਮੁਖ ਥਾਵਾਂ ਦੇ ਚਿਤ੍ਰ ਇਸ ਪਹਾੜੀ ਤੋਂ ਲਏ ਗਏ।

ਇਥੋਂ ਦੀ ਨਾਮਧਾਰੀ ਸੰਗਤ ਦਾ ਸੰਗਠਨ ਹਰ ਮੰਡੀ ਯਾਤਰੂ ਨੂੰ ਦਿਸਦਾ ਹੈ। ਦੁਕਾਨਾਂ ਤੇ ਬੈਠੇ ਨਾਮਧਾਰੀ, ਗਹਿਣਿਆਂ ਤੋਂ ਲੈ ਕੇ ਕਪੜੇ ਮਸ਼ੀਨਰੀ, ਮਨਿਆਰੀ, ਪੰਸਾਰੀ ਪਕੌੜਿਆਂ ਅਤੇ ਟਰਾਂਸਪੋਰਟ ਦੇ ਕਾਰੋਬਾਰ ਕਰਦੇ ਨਾਮਧਾਰੀ ਪ੍ਰਤਖ ਦਿੱਸ ਪੈਂਦੇ ਹਨ। ਡਾਕਟਰ, ਇੰਜੀਨੀਅਰ, ਕੰਟਰੈਕਟਰ, ਔਡੀਟਰ ਵੀ ਹਨ। ਮਹਲਾ ਮੰਗਵਾਈ ਜੋ ਹੁਣ ਰਾਮ ਨਗਰ ਹੋ ਗਿਆ ਹੈ ਵਿਚ ਨਾਮਧਾਰੀ ਧਰਮਸਾਲਾ ਦਾ ਇਤਿਹਾਸਕ ਤਸਵੀਰਾਂ ਨਾਲ ਸ਼ਿੰਗਾਰਿਆ ਹਾਲ ਹੈ। ਗੁਰੂ ਬਾਲਕ ਸਿੰਘ ਜੀ ਦਾ ਇਕ ਵੱਡਾ ਚਿਤ੍ਰ ਹਾਲ ਦਾ ਸਤਿਕਾਰ ਵਧਾਉਂਦਾ ਹੈ। ਇਥੇ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਜਦੋਂ ਅਜੇ ਕੋਈ ਵੀ ਨਹੀਂ ਅਪੜਿਆ ਹੁੰਦਾ ਤਾਂ ਖੁਦ ਆਪ ਸੂਬਾ ਜੈਮਲ ਸਿੰਘ ਜੀ ਹਾਰਮੋਨੀਅਮ ਨਾਲ ਆਸਾ ਦੀ ਵਾਰ ਆਰੰਭ ਕਰ ਦਿੰਦੇ ਹਨ। ਫੇਰ ਜਥੇਦਾਰ ਸੇਵਾ ਸਿੰਘ ਜੀ, ਉਹਨਾਂ ਦੇ ਸਪੁੱਤਰ ਜਥੇਦਾਰ ਸਾਧਾ ਸਿੰਘ, ਜਥੇਦਾਰ ਕਰਤਾਰ ਸਿੰਘ ਜੀ ਵੱਖ ਵੱਖ ਦਿਨਾਂ ਤੇ ਇਹ ਕੀਰਤਨ ਕਰਦੇ ਹਨ। ਉਪਰੰਤ ਜਥੇਦਾਰ ਸੇਵਾ ਸਿੰਘ ਜੀ ਪੁਰਾਤਨ ਇਤਿਹਾਸਕ ਗ੍ਰੰਥਾਂ ਦੀ ਕਥਾ ਕਰਦੇ ਹਨ। ਸੰਗਤ ਆਪੋ ਆਪਣੇ ਆਸਨਾਂ ਤੇ ਹੱਥਾਂ ਵਿਚ ਮਾਲਾ ਫੜੀ ਨਾਮ ਸਿਮਰਨ ਕਰਦੀ ਹੈ। ਮਾਈਆਂ ਅਤੇ ਸਿੰਘ ਭਜਨ ਕਰਕੇ ਬਹੁਤ ਦੈਵੀ ਨਜ਼ਾਰਾ ਪੇਸ਼ ਕਰਦੇ ਹਨ। ਸੇਠ ਭਜਨੀਕ ਸਿੰਘ, ਸੇਠ ਗਿਆਨ ਸਿੰਘ, ਸ: ਹਰਭਜਨ ਸਿੰਘ ਜੀ ਪ੍ਰਧਾਨ ਨਾਮਧਾਰੀ ਸੰਗਤ ਅਤੇ ਸਤਿੰਦਰਪਾਲ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਇਥੋਂ ਦੇ ਪ੍ਰਬੰਧਕ ਵੀ ਹਨ ਅਤੇ ਰੋਜ਼ ਦੇ



Sri Satguru Jagjit Singh Ji eLibrary NamdhariElibrary@gmail.com

ਨਿਤਨੇਮੀ ਵੀ । ਪਾਠ ਵਰਨੀਆਂ ਅਤੇ ਸਤਿਸੰਗ ਦਾ ਪਰਵਾਹ ਚਲਦਾ ਹੀ ਰਹਿੰਦਾ ਹੈ । ਇਥੇ ਇਕ ਸਕੂਲ ਵੀ ਚਲਦਾ ਹੈ । ਲੰਗਰ ਰਹਾਇਸ਼ ਦਾ ਪਰਬੰਧ ਹੈ । ਸਾਧ ਸੰਗਤ ਦੇ ਕੁਝ ਦ੍ਰਿਸ਼ ਵੀ ਫਿਲਮ ਵਾਸਤੇ ਕੈਮਰਾਬੰਦ ਕੀਤੇ ਗਏ । ਸਾਧ ਸੰਗਤ ਦੇ ਸਹਿਯੋਗ ਅਤੇ ਪ੍ਰਾਹਨਾਚਾਰੀ ਤੋਂ ਫਿਲਮ ਯੂਨਿਟ ਦੇ ਮੈਂਬਰ ਨਿਸਚੇ ਹੀ ਪ੍ਰਭਾਵਤ ਹੋਏ ।

ਮੰਡੀ ਨਾਮਧਾਰੀ ਸੰਗਤ ਵਿਚ ਬੀਬੀਆਂ ਵੀ ਸਰਗਰਮੀ ਨਾਲ ਜਥੇਬੰਦ ਹੋ ਕੇ ਕਾਰਜਸ਼ੀਲ ਹਨ । ਇਸਤਰੀ ਵਿਦਿਅਕ ਜਥੇ ਦੀ ਪ੍ਰਧਾਨ ਬੀਬੀ ਸਿਮਰਜੀਤ ਕੌਰ ਵਿਦਵਾਨ ਅਤੇ ਸੁਲਝੀ ਹੋਈ ਵਿਅਕਤੀ ਹਨ । ਉਹਨਾਂ ਨੇ ਇਸਤ੍ਰੀਆਂ ਨੂੰ ਜਥੇਬੰਦ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ । ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਅਗਲਾ ਵਾਰਸ਼ਕ ਸੰਮੇਲਨ ਮੰਡੀ ਵਿਚ ਹੋਣਾ ਨਿਸਚਿਤ ਹੋਇਆ ਹੈ । ਇਸ ਵਾਸਤੇ ਵਿਦਿਅਕ ਜਥੇ ਵਿਚ ਭਾਰੀ ਉਤਸ਼ਾਹ ਹੈ । ਉਹ ਤਾਂ ਚਾਹੁੰਦੇ ਹਨ ਕਿ ਹਰ ਸਾਲ ਹੀ ਇਹ ਸੰਮੇਲਨ ਮੰਡੀ ਹੀ ਹੋਇਆ ਕਰੇ ।

ਪ੍ਰਧਾਨ ਸਤਿੰਦਰਪਾਲ ਸਿੰਘ ਨੂੰ ਥੋਹੜਾ ਸਮਾਂ ਹੋਇਆ ਹੈ ਪ੍ਰਧਾਨਗੀ ਪਦ ਸੰਭਾਲਿਆਂ ਉਹ ਹੁਣ ਤੋਂ ਹੀ ਸੰਮੇਲਨ ਦੀ ਤਿਆਰੀ ਵਿਚ ਜੁੱਟੇ ਹੋਏ ਹਨ, ਬਹੁਤ ਕ੍ਰਿਆਸ਼ੀਲ ਵਿਅਕਤੀ ਹਨ ।

ਫਿਲਮ ਯੂਨਿਟ ਤਾਂ ਆਪਣਾ ਕਾਰਜ ਖਤਮ ਕਰਕੇ ਚੌਥੇ ਦਿਨ ਸਵੇਰੇ ਵਾਪਸ ਚਲ ਪਿਆ ਪਰ ਮੈਨੂੰ ਦੋ ਦਿਨ ਲਈ ਰੋਕ ਲਿਆ ਗਿਆ । ਕਾਰਨ ਇਹ ਸੀ ਕਿ ਵਰਿਆਮ ਦੇ ਮੈਂਬਰਾਂ ਦੀ ਇਕ ਪੁਰਾਣੀ ਲਿਸਟ ਸੀ ਜਿਸ ਦੇ ਆਧਾਰ ਤੇ ਬਕਾਇਆ ਚੰਦਿਆਂ ਦਾ ਆਉਣਾ ਅਜੇ ਰੁਕਿਆ ਪਿਆ ਸੀ । ਸ: ਹਰਭਜਨ ਸਿੰਘ ਪ੍ਰਧਾਨ ਸੰਗਤ ਅਤੇ ਸ: ਸਤਿੰਦਰ-ਪਾਲ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ, ਸ: ਨਰਿੰਦਰ ਸਿੰਘ ਸੰਪਾਦਕ ਯੁਗ ਮਰਯਾਦਾ ਅਤੇ ਸ: ਮੋਹਨ ਸਿੰਘ ਨੇ ਮੈਨੂੰ ਰੋਕ ਕੇ ਮੰਡੀ ਅਤੇ ਸੁੰਦਰਨਗਰ ਦੇ ਘਰ ਘਰ ਜਾ ਕੇ ਬਕਾਇਆ ਚੰਦੇ ਲਏ । ਆਜੀਵਨ ਮੈਂਬਰ ਅਤੇ ਚਾਰ ਸਾਲਾ ਮੈਂਬਰ ਬਣਾਏ ।

ਵਰਿਆਮ ਪ੍ਰਤੀ ਇਹਨਾਂ ਦੀ ਘਾਲਣਾ ਅਤੇ ਮੰਡੀ ਸੁੰਦਰਨਗਰ ਦੀ ਸੰਗਤ ਦਾ ਪਰੇਮ ਵੇਖ ਕੇ ਮੇਰਾ ਮਨ ਅਕੀਦਤ ਨਾਲ ਹੋਰ ਵੀ ਝੁੱਕ ਗਿਆ । ਸ: ਨਰਿੰਦਰ ਸਿੰਘ ਅਪਣਾ ਪਰਚਾ ਛਡ ਕੇ ਵਰਿਆਮ ਲਈ ਤੁਰੇ ਰਹੇ । ਅਸੀਂ ਸਕੂਟਰਾਂ ਤੇ ਪਹਾੜੀ ਸਫਰ ਮਾਣਦੇ ਹੋਏ ਸੁੰਦਰ ਨਗਰ ਵੀ ਗਏ । ਬਹੁਤ ਸਾਰੇ ਸਿੰਘਾਂ ਨੂੰ ਮਿਲੇ । ਪੁਰਾਣੇ ਮਿਤਰ ਪ੍ਰੋ: ਸਰਿੰਦਰਪਾਲ ਸਿੰਘ ਸਚਦੇਵਾ ਨੂੰ ਵੀ ਮਿਲੇ ਜੋ ਇਥੇ ਪਾਲੀ-ਟੈਕਨਿਕ ਵਿਚ ਪਰੋਫੈਸਰ ਹਨ । ਸੁੰਦਰ ਨਗਰ ਦਾ ਇਲਾਕਾ ਬਹੁਤ ਹੀ ਸੋਹਣਾ ਹੈ । ਖੁਲਾ ਖੁਲਾ ਅਤੇ ਸਾਫ ਹੈ । ਇਥੇ ਬਣੀ ਝੀਲ ਜੋ ਬਿਆਸ ਤੋਂ ਪਹਾੜਾਂ ਹੇਠਾਂ ਬਣੀ ਨਹਿਰ ਰਾਹੀਂ ਪਾਣੀ ਲਿਆ ਕੇ ਬਣਾਈ ਗਈ ਹੈ ਬਹੁਤ ਪਿਆਰਾ ਦ੍ਰਿਸ਼ ਹੈ । ਪ੍ਰਧਾਨ ਹਰਭਜਨ ਸਿੰਘ ਜੀ ਦੇ ਉਦਮ ਨਾਲ ਬਹੁਤ ਸਾਰੇ ਸਜਨਾਂ ਮਿਤਰਾਂ ਨਾਲ ਮੁਲਾਕਾਤ ਹੋਈ ।

ਮੰਡੀ ਵਿਚ ਸ: ਦਰਸ਼ਨ ਸਿੰਘ ਜੀ ਦੇ ਘਰ ਜਾਣ ਦਾ ਵੀ ਮੌਕਾ ਮਿਲਿਆ । ਇਹਨਾਂ ਦੇ ਦੋ ਸਪੁਤਰ ਅਰਵਿੰਦਰ ਸਿੰਘ ਤੇ ਸੁਰਿੰਦਰ ਸਿੰਘ ਬਚਪਨ ਵਿਚ ਹੀ ਬਹੁਤ ਚੰਗਾ ਸ਼ਾਸਤਰੀ ਗਾਇਨ ਕਰ ਲੈਂਦੇ ਸਨ । ਵਡਾ ਗਾਣੇ ਵਿਚ ਮਾਹਰ ਅਤੇ ਛੋਟਾ ਤਬਲੇ ਵਿਚ । ਇਹ ਅਕਸਰ ਸਮਾਗਮਾਂ ਤੇ ਗਾ ਕੇ ਪ੍ਰਸੰਸਾ ਪ੍ਰਾਪਤ ਕਰਦੇ ਸਨ । ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਨੂੰ ਵਿਸ਼ੇਸ਼ ਸਿਖਲਾਈ ਲਈ ਬੰਬਈ ਭੇਜਿਆ ਸੀ । ਉਥੇ ਜਾ ਕੇ ਇਹਨਾਂ ਲਾਈਨ ਤਬਦੀਲ ਕਰ ਲਈ ਅਤੇ ਅਜ ਫਿਲਮਾਂ ਦੂਰਦਰਸ਼ਨ ਅਤੇ ਸਭਾਵਾਂ ਵਿਚ ਗਾਣ ਨਾਲ ਬਹੁਤ ਪ੍ਰਸਿਧ ਹੋ ਗਏ ਹਨ । ਇਹ ਗ਼ਜ਼ਲ ਅਤੇ ਭਜਨਾਂ ਦੇ ਮਾਹਰ ਤਾਂ ਹਨ ਕੀਰਤਨ ਵੀ ਬਹੁਤ ਅੱਛਾ ਕਰਦੇ ਹਨ ਪਰ ਕੀਰਤਨ ਵੇਲੇ ਕੋਈ ਪੈਸਾ ਨਹੀਂ ਲੈਂਦੇ । ਇਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਅਜੇ ਤਕ ਕਾਇਮ ਰਖਿਆ ਹੈ । ਸ: ਦਰਸ਼ਨ ਸਿੰਘ ਤੇ ਪਰਿਵਾਰ ਨੇ ਰੀਝ ਨਾਲ ਉਹਨਾਂ ਦੀਆਂ ਗਲਾਂ ਕੀਤੀਆਂ । ਅਰਵਿੰਦਰ ਸਿੰਘ ਸੋਹਣਾ ਗਭਰੂ ਨਿਕਲਿਆ ਹੈ ਅਤੇ ਬਦੇਸ਼ਾਂ ਵਿਚ ਵੀ ਪਰੋਗਰਾਮ ਦੇ ਆਇਆ ਹੈ । ਇਸ ਦੀਆਂ ਇਕ ਦੋ ਟੇਪਾਂ ਸੁਣੀਆਂ । ਨੌਵੇਂ ਮਹਲੇ ਦੇ ਸਲੋਕ, ਰਵੀਦਾਸ ਜੀ ਦਾ ਸ਼ਬਦ ਪ੍ਰਾਨੀ ਕਿਆ ਮੇਰਾ ਕਿਆ ਤੇਰਾ, ਗੁਰਬਾਣੀ ਵਿਚੋਂ ਆਰਤੀ ਦੇ ਸ਼ਬਦ ਆਪ ਕੰਪੋਜ਼ ਕੀਤੇ ਸੰਗੀਤ ਦੁਆਰਾ ਗਾਏ ਗਏ ਹਨ । ਬਹੁਤ ਪ੍ਰਭਾਵਸ਼ਾਲੀ ਹਨ, ਅਰਵਿੰਦਰ ਸਿੰਘ ਦਾ ਨਾਮ ਪਿਠ ਗਾਇਕਾਂ ਵਿਚ ਮਸ਼ਹੂਰ ਹੋ ਗਿਆ ਹੈ ।

ਸ: ਦਰਸ਼ਨ ਸਿੰਘ ਜੀ ਨੇ ਰੀਝ ਨਾਲ ਉਹ ਤਸਵੀਰਾਂ ਦਿਖਾਈਆਂ ਜੋ ਉਹਨਾਂ ਦੇ ਬੰਬਈ ਦੌਰੇ ਸਮੇਂ ਦੀਆਂ ਹਨ । ਦਰਸ਼ਨ ਸਿੰਘ ਜੀ ਦਾ ਪਰਿਵਾਰ ਮਹਾਂਭਾਰਤ ਦੇ ਸੈਟ ਤੇ ਕਲਾਕਾਰਾਂ ਨਾਲ ਖੜਾ ਹੈ । ਇਕ ਤਸਵੀਰ ਵਿਚ ਤਾਂ ਦਰਸ਼ਨ ਸਿੰਘ ਜੀ ਨੂੰ ਧ੍ਰਿਤਰਾਸ਼ਟਰ ਦੇ ਸਿੰਘਾਸਨ ਤੇ ਬੈਠਾ ਕੇ ਤਸਵੀਰਾਂ ਖਿਚੀਆਂ ਹੋਈਆਂ ਹਨ ।

ਅਗਲੇ ਦਿਨ ਮੀਂਹ ਪੈ ਰਿਹਾ ਸੀ—ਮਹਾਂਭਾਰਤ ਦੀ ਅੰਤਮ ਕਿਸ਼ਤ ਦੂਰਦਰਸ਼ਨ ਤੋਂ ਸ਼ੁਰੂ ਹੋ ਗਈ ਸੀ ਮੈਂ ਬਸ ਵਿਚ ਬੈਠਾ ਪਹਾੜੀ ਸੜਕਾਂ ਦੇ ਵਲੇਵਿਆਂ ਵਿਚ ਮੰਡੀ ਯਾਤਰਾ ਦੀਆਂ ਸਿਮ੍ਰਤੀਆਂ ਮਨ ਵਿਚ ਸਮਾਈ ਵਾਪਸ ਪਰਤ ਰਿਹਾ ਸਾਂ ।

X



Sri Satguru Jagjit Singh Ji eLibrary NamdhariElibrary@gmail.com

**ਖ਼ ਬ ਰ ਨਾ ਮਾ**

## 'ਨਾਮ ਅਭਿਆਸ' ਨਾਲ ਰੋਗਾਂ ਦਾ ਨਿਵਾਰਨ ਵਧੇਰੇ ਅਸਰਦਾਰ ਹੈ

# ਸਰਬ ਰੋਗ ਕਾ ਅਉਖਧ ਨਾਮ ਮਿਸ਼ਨ

ਲੁਧਿਆਣਾ : ਸਰਬ ਰੋਗ ਕਾ ਅਉਖਧ ਨਾਮ ਮਿਸ਼ਨ ਦੀ ਲੁਧਿਆਣਾ ਇਕਾਈ ਵਲੋਂ ਅਯੋਜਿਤ ਇਕ ਰੋਜ਼ਾ ਕੈਂਪ ਉਪਰੰਤ ਪੱਤਰਕਾਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਿਸ਼ਨ ਦੇ ਲੁਧਿਆਣਾ ਸੰਚਾਲਕ ਡਾ: ਬਲਵੰਤ ਸਿੰਘ 'ਐਮ. ਬੀ. ਬੀ. ਐਸ' ਨੇ ਕਿਹਾ ਹੈ ਕਿ ਨਾਮ ਅਭਿਆਸ ਨਾਲ ਰੋਗਾਂ ਦਾ ਨਿਵਾਰਣ ਵਧੇਰੇ ਅਸਰਦਾਰ ਹੈ। ਅਜੋਕੇ ਵਿਗਿਆਨਕ ਯੁਗ ਵਿਚ ਲੋਕਾਂ ਦਾ ਵਿਸ਼ਵਾਸ ਧਰਮ 'ਚੋਂ ਉਠਦਾ ਜਾ ਰਿਹਾ ਹੋਣ ਕਰਕੇ ਆਦਮੀ ਪਦਾਰਥਕ ਪ੍ਰਾਪਤੀਆਂ ਪਿਛੇ ਭੱਜਦਾ ਨੱਸਦਾ ਅਨੇਕ ਕਿਸਮ ਦੇ ਰੋਗਾਂ ਤੋਂ ਪੀੜਤ ਹੋ ਗਿਆ ਹੈ। ਇਸ ਤਰ੍ਹਾਂ ਮਾਨਸਿਕ ਅਤੇ ਸਰੀਰਕ ਰੋਗਾਂ ਨੇ ਸਮੁੱਚੀ ਮਨੁੱਖਤਾ ਨੂੰ ਦਵਾਈਆਂ ਦੇ ਹਵਾਲੇ ਕਰਕੇ ਰੱਖ ਦਿਤਾ ਹੈ।

ਸ: ਹਰਦਿਆਲ ਸਿੰਘ ਆਈ. ਏ. ਐਸ. ਵਲੋਂ ਚੰਡੀਗੜ੍ਹ ਵਿਚ ਸਥਾਪਤ 'ਸਰਬ ਰੋਗ ਕਾ ਅਉਖਧ ਨਾਮ ਮਿਸ਼ਨ' ਦੀ ਲੁਧਿਆਣਾ ਇਕਾਈ ਅਗਸਤ ੧੯੮੭ ਤੋਂ ਕਾਰਜਸ਼ੀਲ ਹੈ। 'ਨਾਮ ਅਭਿਆਸ' ਇਲਾਜ ਪ੍ਰਣਾਲੀ ਅਧੀਨ ਮਿਸ਼ਨ ਵਲੋਂ ਮਰੀਜ਼ਾਂ ਨੂੰ ਕੈਂਪਾਂ ਵਿਚ ਦਾਖਲ ਕਰਨ ਵੇਲੇ ਪੂਰਾ ਡਾਕਟਰੀ ਮੁਆਇਨਾ ਕੀਤਾ ਜਾਂਦਾ ਹੈ ਅਤੇ ਕੈਂਪ ਉਪਰੰਤ ਫੇਰ ਮਰੀਜ਼ਾਂ ਦਾ ਮੈਡੀਕਲ ਨਿਰੀਖਣ ਕੀਤਾ ਜਾਂਦਾ ਹੈ। ਹੁਣ ਤਕ ਲੁਧਿਆਣੇ ਵਿਚ ਮਿਸ਼ਨ ਵਲੋਂ ੬ ਪੰਜ ਰੋਜ਼ਾ 'ਨਾਮ ਅਭਿਆਸ ਕੈਂਪ' ਲਗਾਏ ਜਾ ਚੁਕੇ ਹਨ। ਇਹਨਾਂ ਕੈਂਪਾਂ ਵਿਚ ਸ਼ਾਮਲ ਮਰੀਜ਼ਾਂ ਕੋਲੋਂ ਕੋਈ ਫੀਸ ਨਹੀਂ ਲਈ ਜਾਂਦੀ। ਸੰਤੁਲਤ ਖੁਰਾਕ ਅਤੇ ਰਿਹਾਇਸ਼ ਦਾ ਪ੍ਰਬੰਧ ਮਿਸ਼ਨ ਵਲੋਂ ਹੀ ਕੀਤਾ ਜਾਂਦਾ ਹੈ। ਸੰਗਤ ਦੇ 'ਸਾਂਝੇ ਨਾਮ ਜਾਪ' ਰਾਹੀਂ ਹੁਣ ਤੀਕ ਅਨੇਕਾਂ ਮਰੀਜ਼ ਇਲਾਜ ਕਰਵਾ ਕੇ ਨਿਰੋਗ ਹੋ ਚੁਕੇ ਹਨ। 'ਨਾਮ ਅਭਿਆਸ' ਇਲਾਜ ਪ੍ਰਣਾਲੀ ਨੂੰ ਅਪਣਾ ਕੇ ਹਿੰਦੂ ਅਤੇ ਸਿੱਖ ਵੀਰ ਇਕੋ ਜਿੰਨਾ ਲਾਭ ਉਠਾ ਚੁਕੇ ਹਨ।

ਡਾ: ਬਲਵੰਤ ਸਿੰਘ ਨੇ ਦਸਿਆ ਕਿ ਗੁਰਬਾਣੀ ਦੇ ਸ਼ਬਦ ਦੀ ਸਮਰਥਾ ਬਾਰੇ ਗਵਾਹੀ ਦੇਂਦੇ ਗੁਰਬਾਣੀ ਦੇ ਸ਼ਬਦ ਵਿਚਾਰ ਕੇ ਰੋਗਾਂ ਤੋਂ ਨਵਿਰਤੀ ਹਾਸਲ ਕਰ ਚੁਕੇ ਕੁਝ ਕੁ ਹਵਾਲੇ ਇਸ ਪ੍ਰਕਾਰ ਹਨ :

੨੫੮ ਆਰ ਮਾਡਲ ਟਾਊਨ ਲੁਧਿਆਣਾ ਵਿਚ ਰਹਿੰਦੇ ਮੇਜਰ ਗੁਰਬਖਸ਼ ਸਿੰਘ ੧੯੬੨ ਦੀ ਹਿੰਦ-ਚੀਨ ਜੰਗ ਵੇਲੇ 'ਵੱਧ ਲਹੂ-ਦਬਾਅ' (Hyber tension) ਦੇ ਰੋਗ ਤੋਂ ਪੀੜਤ ਹੋ ਗਏ। ਮਿਲਟਰੀ ਡਾਕਟਰਾਂ ਨੇ ਉਨ੍ਹਾਂ ਨੂੰ ਉੱਚ-ਸਥਾਨਾਂ ਤੇ ਕੰਮ ਕਰਨ ਤੋਂ ਅਯੋਗ ਕਰਾਰ ਦੇ ਦਿੱਤਾ। ੧੯੬੪ 'ਚ ਮਿਲਟਰੀ ਹਸਪਤਾਲ ਊਧਮਪੁਰ ਦੇ ਡਾਕਟਰਾਂ ਨੇ ਗੁਰਦੇ ਦਾ ਰੰਗੀਨ ਐਕਸਰੇ ਕਰਕੇ ਦਸਿਆ ਕਿ ਖੱਬੇ ਗੁਰਦੇ ਦੇ ਹੇਠਲੇ ਹਿੱਸੇ 'ਚ ਨਿੱਕੀਆਂ ਨਿੱਕੀਆਂ ਕਈ ਪਥਰੀਆਂ ਹਨ। ਪਥਰੀਆਂ ਬਹੁਤ ਨਿੱਕੀਆਂ ਹੋਣ ਕਰਕੇ ਉਪਰੇਸ਼ਨ ਸੰਭਵ ਨਹੀਂ ਸੀ। ੧੯੭੩ 'ਚ ਰੀਟਾਇਰ ਹੋਏ ਮੇਜਰ ਗੁਰਬਖਸ਼ ਸਿੰਘ ਨੇ ੧੯੮੩ ਵਿਚ ਫੇਰ ਮਿਲਟਰੀ ਹਸਪਤਾਲ ਜਲੰਧਰ ਤੋਂ ਗੁਰਦੇ ਦਾ ਰੰਗੀਨ ਐਕਸਰੇ ਕਰਾਇਆ। ਰੀਪੋਰਟ ਮੁਤਾਬਕ ਪਥਰੀਆਂ ਨੇ ਗੁਰਦੇ ਦੇ ਕੰਮ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੋਇਆ ਸੀ ਅਤੇ ਆਕਾਰ ਵੀ ਸੁੰਗੜ ਕੇ ੧੧ ਸੈਂਟੀਮੀਟਰ ਲੰਮਾ ਰਹਿ ਗਿਆ ਸੀ। ਡਾਕਟਰਾਂ ਨੇ ਗੁਰਦਾ ਕੱਢ ਦੇਣ ਦੀ ਸਲਾਹ ਦਿਤੀ ਪਰ ਪਹਿਲਾਂ ਹੀ ਦਿਲ ਦਾ ਦੌਰਾ ਪੈ ਜਾਣ ਕਰਕੇ ਉਪਰੇਸ਼ਨ ਸੰਭਵ ਨਹੀਂ ਸੀ। ਇਸ ਰੋਗ ਦੇ ਇਲਾਜ ਲਈ ਮੇਜਰ ਗੁਰਬਖਸ਼ ਸਿੰਘ ਨੇ ਹੋਮਿਓਪੈਥੀ, ਆਯੁਰਵੈਦਿਕ ਅਤੇ ਐਲੋਪੈਥਿਕ ਇਲਾਜ ਅਪਣਾਏ ਪਰ ਤਕਲੀਫ ਨਾ ਘਟ ਸਕੀ। ਨਾਮ ਅਭਿਆਸ ਕੈਂਪਾਂ ਵਿਚ ਆ ਕੇ ਉਹਨਾਂ ਦੀ ਤਕਲੀਫ ਘਟੀ ਹੈ। ੧੭ ਮਾਰਚ ੧੯੯੦ ਦੇ ਕੈਂਪ ਵਾਲੇ ਦਿਨ ਉਨ੍ਹਾਂ ਦੇ ਪਿਸ਼ਾਬ ਰਾਹੀਂ ਪਥਰੀਆਂ ਆਪਣੇ ਆਪ ਹੀ ਖਾਰਜ ਹੋ ਗਈਆਂ। ੩੦ ਮਾਰਚ ਨੂੰ ਫੇਰ ਜਲੰਧਰ ਦੇ ਮਿਲਟਰੀ ਹਸਪਤਾਲ ਤੋਂ ਰੰਗੀਨ ਐਕਸਰੇ ਕਰਾਇਆ। ਦੋਹਾਂ ਗੁਰਦਿਆਂ ਦਾ ਅਕਾਰ ਸਹੀ ਸੀ। ਗੁਰਦੇ ਦੀ ਲੰਬਾਈ ਵੀ ੧੩ ਸੈਂਟੀਮੀਟਰ ਸੀ। ਇਹ ਨਾਮ ਅਭਿਆਸ ਇਲਾਜ ਪ੍ਰਣਾਲੀ ਨਾਲ ਹੀ ਸੰਭਵ ਹੋ ਸਕਿਆ ਹੈ। ਪ੍ਰੈੱਸ ਕਾਨਫਰੰਸ 'ਚ ਮੇਜਰ ਗੁਰਬਖਸ਼ ਸਿੰਘ ਖੁਦ ਵੀ ਹਾਜ਼ਰ ਸਨ।

ਇਕ ਹੋਰ ਮਰੀਜ਼ ੨੬੪੩ ਜਨਤਾ ਨਗਰ ਲੁਧਿਆਣਾ ਦੀ ਮਿਸਜ਼ ਖੁਸ਼ਵੰਤ ਕੌਰ ਗਿੱਲ ਦਾ ਵੀ ਡਾਇਰੀਏ ਕਾਰਨ ਪਿਛਲੇ ੧੫ ਸਾਲ ਤੋਂ ਲਗਾਤਾਰ ਭਾਰ ਘਟ ਰਿਹਾ ਸੀ। ਲੁਧਿਆਣਾ, ਦਿੱਲੀ ਅਤੇ ਚੰਡੀਗੜ੍ਹ 'ਚ ਪ੍ਰਾਪਤ ਸਭ ਡਾਕਟਰੀ ਇਲਾਜ ਉਨ੍ਹਾਂ ਦਾ ਇਲਾਜ ਨਾ ਕਰ ਸਕੇ। ਅਪ੍ਰੈਲ


Sri Satguru Jagjit Singh Ji eLibrary NamdhariElibrary@gmail.com

# ਕੇਂਦਰੀ ਪੰਜਾਬੀ ਲੇਖਕ ਸਭਾ ਰਾਜ ਭਵਨ ਅਗੇ ਭੁਖ ਹੜਤਾਲ ਕਰੇਗੀ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਕਾਰਜ-ਕਾਰਨੀ ਦੀ ਇਕੱਤਰਤਾ ੧੫ ਜੁਲਾਈ ੧੯੯੦ ਨੂੰ ਸਭਾ ਦੇ ਪ੍ਰਧਾਨ ਪ੍ਰਿੰ: ਸੁਜਾਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਲੁਧਿਆਣਾ ਵਿਚ ਹੋਈ ਇਸ ਵਿਚ ਫੈਸਲਾ ਹੋਇਆ ਕਿ ਸਭਾ ਵਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ ਪੱਤਰ ਭੇਜਿਆ ਜਾਵੇ ਕਿ ਹੋਏ ਫੈਸਲੇ ਅਨੁਸਾਰ ਸਰਕਾਰ ਆਰਡੀਨੈਂਸ ਜਾਰੀ ਕਰੇ ਜਿਸ ਅਨੁਸਾਰ ਪੰਜਾਬ ਰਾਜ ਭਾਸ਼ਾ ਐਕਟ ੧੯੬੭ ਦੀ ਉਲੰਘਣਾ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਵਿਰੁਧ ਸਜ਼ਾ ਦੀ ਵਿਵਸਥਾ ਹੋਵੇ। ਜੇ ਇਹ ਆਰਡੀਨੈਂਸ ੩੧ ਅਕਤੂਬਰ ਤਕ ਜਾਰੀ ਨਹੀਂ ਹੁੰਦਾ ਤਾਂ ੧੨ ਨਵੰਬਰ ਤੋਂ ਰਾਜ ਭਵਨ ਪੰਜਾਬ, ਚੰਡੀਗੜ੍ਹ ਅਗੇ ਲੜੀਵਾਰ ਭੁੱਖ ਹੜਤਾਲ ਕੀਤੀ ਜਾਵੇ। ਇਹ ਭੁੱਖ ਹੜਤਾਲ ੧੨ ਤੋਂ ੧੭ ਨਵੰਬਰ ਤਕ ਰਹੇਗੀ। ਇਕ ਜੱਥੇ ਦੀ ਭੁਖ ਹੜਤਾਲ ੨੪ ਘੰਟੇ ਦੀ ਹੋਵੇਗੀ ਅਤੇ ਇਹ ਬਾਅਦ ਦੁਪਹਿਰ ਦੋ ਵਜੇ ਆਰੰਭ ਹੋਇਆ ਕਰੇਗੀ ਅਤੇ ਅਗਲੇ ਦਿਨ ਦੋ ਵਜੇ ਤਕ ਰਹੇਗੀ, ਇਹ ਦੂਸਰਾ ਜੱਥਾ ਬੈਠਿਆ ਕਰੇਗਾ।

ਪ੍ਰੋਗਰਾਮ ਇਸ ਤਰ੍ਹਾਂ ਉਲੀਕਿਆ ਗਿਆ ਹੈ :

੧੨ ਨਵੰਬਰ : ਸਭਾ ਦੇ ਅਹੁਦੇਦਾਰ ਤੇ ਮੈਂਬਰ ਕਾਰਜ ਕਾਰਨੀ—ਹਰਭਜਨ ਸਿੰਘ ਹੁੰਦਲ, ਸੰਤੋਖ ਸਿੰਘ ਧੀਰ, ਪ੍ਰੋ: ਪ੍ਰੀਤਮ ਸਿੰਘ, ਡਾ: ਹਰਚਰਨ ਸਿੰਘ, ਡਾ: ਐਸ. ਤਰਸੇਮ, ਗੁਰਮੀਤ ਹੇਅਰ, ਕੁਲਤਾਰ ਸਿੰਘ ਕੁਲਤਾਰ, ਮਖਣ ਕੁਹਾੜ ਬੈਠਣਗੇ।

੧੩ ਨਵੰਬਰ : ਡਾ: ਕੁਲਬੀਰ ਸਿੰਘ ਕਾਂਗ, ਡਾ: ਰਘਬੀਰ ਸਿੰਘ, ਡਾ: ਪਰਮਿੰਦਰ ਸਿੰਘ, ਸ੍ਰੀ ਰਾਮ ਸਰੂਪ ਅਣਖੀ, ਸੁਰਜੀਤ ਗਿਲ, ਮੋਹਣ ਸਿੰਘ ਰਾਹੀਂ, ਮੁਖਤਾਰ ਗਿਲ, ਅਵਤਾਰ ਸਿੰਘ ਅਨਭੋਲ।

੧੪ ਨਵੰਬਰ : ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਦੇ ਜ਼ਿਲਿਆਂ ਦੇ ਮੈਂਬਰ। ਘਟੋ ਘਟ ਤਿੰਨ ਮੈਂਬਰ ਪ੍ਰਤੀ ਜ਼ਿਲਾ।

੧੫ ਨਵੰਬਰ : ਗੁਰਦਾਸਪੁਰ, ਅੰਮ੍ਰਿਤਸਰ, ਰੋਪੜ।
੧੬ ,, : ਫਰੀਦਕੋਟ, ਫਿਰੋਜ਼ਪੁਰ, ਬਠਿੰਡਾ।
੧੭ ,, : ਪਟਿਆਲਾ, ਸੰਗਰੂਰ, ਲੁਧਿਆਣਾ।

# ਯਮਨਾ ਨਗਰ ਵਿਚ ਪੰਜਾਬੀ ਕਾਨਫਰੰਸ

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਨੇ ਫੈਸਲਾ ਕੀਤਾ ਹੈ ਕਿ ੮-੯ ਸਤੰਬਰ ਨੂੰ ਯਮਨਾ ਨਗਰ ਵਿਚ ਹੋ ਰਹੀ ਹਰਿਆਣਾ ਪੰਜਾਬੀ ਕਾਨਫਰੰਸ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਜਾਵੇ।

ਪ੍ਰੋਗਰਾਮ ਅਨੁਸਾਰ ੮ ਸਤੰਬਰ ਦੀ ਸ਼ਾਮ ਨੂੰ ਕਵੀ ਦਰਬਾਰ ਹੋਵੇਗਾ ਜਿਸ ਵਿਚ ਲੇਖਕ ਸਭਾਵਾਂ ਅਤੇ ਹਰਿਆਣਾ ਦੇ ਉਘੇ ਕਵੀ ਭਾਗ ਲੈਣਗੇ। ਪ੍ਰਧਾਨਗੀ ਡਾ: ਹਰਿਭਜਨ ਸਿੰਘ ਤੇ ਸੰਤੋਖ ਸਿੰਘ ਧੀਰ ਕਰਨਗੇ। ਦੂਜੇ ਦਿਨ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਸ: ਬਲਵੰਤ ਸਿੰਘ ਰਾਮੂਵਾਲੀਆ ਮੈਂਬਰ ਘੱਟ ਗਿਣਤੀਆਂ ਕਮਿਸ਼ਨ ਕਰਨਗੇ ਉਦਘਾਟਨ ਹਰਿਆਣਾ ਸਰਕਾਰ ਦੇ ਕੋਈ ਮੰਤਰੀ ਜਾਂ ਸਪੀਕਰ ਕਰਨਗੇ। ਸਾਹਿਤਕ ਸਮਾਗਮ ਦੀ ਪ੍ਰਧਾਨਗੀ ਪ੍ਰਿੰ: ਸੁਜਾਨ ਸਿੰਘ, ਸ੍ਰੀ ਹਰਭਜਨ ਹਲਵਾਰਵੀ ਤੇ ਡਾ: ਅਮਰਜੀਤ ਕਾਂਗ ਕਰਨਗੇ। ਪ੍ਰੋ: ਹਿੰਮਤ ਸਿੰਘ ਸੋਢੀ ਹਰਿਆਣਾ ਵਿਚ ਪੰਜਾਬੀ ਨੂੰ ਦੂਜਾ ਸਥਾਨ ਬਾਰੇ ਪਰਚਾ ਪੜ੍ਹਨਗੇ। ਡਾ: ਰਤਨ ਸਿੰਘ ਢਿਲੋਂ ਹਰਿਆਣਾ ਵਿਚ ਪੰਜਾਬੀ ਅਧਿਆਪਨ ਦੀਆਂ ਸਮਸਿਆਵਾਂ ਬਾਰੇ ਪਰਚਾ ਪੜ੍ਹਨਗੇ।

# ਗੀਤ

—ਸੰਤੋਖ ਸਿੰਘ ਰੰਧਾਵਾ—

ਆਇਆ ਸਾਉਣ ਦਾ ਮਹੀਨਾ,
ਕੋਲ ਹਾਣੀਆਂ ਦੇ ਹਾਣ।
ਤੂੰ ਵੀ ਆਜਾ ਸਾਡੇ ਕੋਲ,
ਪਈਆਂ ਯਾਦਾਂ ਵੇ ਸਤਾਣ।
ਰੁੱਤ ਪਿਆਰ ਵਾਲੀ ਆਈ,
ਤੂੰ ਪਾਈ ਵੇ ਜੁਦਾਈ,
ਚੰਨਾਂ ਜੋਬਨ ਹੁਲਾਰੇ,
ਸਾਨੂੰ ਵੱਢ ਵੱਢ ਖਾਣ—ਆਇਆ...
ਸਾਡੀ ਸੁੰਨੀ ਪਈ ਏ ਪੀਂਘ,
ਸਾਥੋਂ ਵਿਸਰੀ ਏ ਨੀਂਦ,
ਸਈਆਂ ਗੱਲ ਗੱਲ ਨਾਲ,
ਵੇ ਟਕੋਰਾਂ ਪਈਆਂ ਲਾਣ—ਆਇਆ...
ਪਈ ਘਟਾ ਕਾਲੀ ਵੱਸੇ,
ਤੇਰਾ ਬਿਹੋਂ ਵੇ ਡੱਸੇ,
ਸਾਡੇ ਚਾਅ ਵੇ ਕੁਆਰੇ
ਸਾਥੋਂ ਰੁਸ ਰੁਸ ਜਾਣ—ਆਇਆ...
ਜਦੋਂ ਕੋਇਲ ਪਈ ਕੂਕੇ
ਹੜ੍ਹ ਯਾਦਾਂ ਦਾ ਵੇ ਸੂਕੇ,
ਆ ਜਾ ਵਾਸਤੇ ਮੈਂ ਪਾਵਾਂ,
ਰੱਖ ਤੱਤੜੀ ਦਾ ਮਾਣ—ਆਇਆ...
ਭੁੱਲੇ ਗਿੱਧਿਆਂ ਦੇ ਤਾਲ
ਹੋਇਆ ਬੁਰਾ ਸਾਡਾ ਹਾਲ
ਵੇ ਮੈਂ ਤੇਰੀਆਂ 'ਰੰਧਾਵਾ',
ਵੇ ਤੂੰ ਸਾਡੀ ਜਿੰਦ-ਜਾਨ—ਆਇਆ...



Sri Satguru Jagjit Singh Ji eLibrary NamdhariElibrary@gmail.com

## ਸ. ਬਲਕਾਰ ਸਿੰਘ ਸਰਪੰਚ ਮਹਾਬਲੀ ਪੁਰ ਘਰ ਸਮਾਗਮ

ਮਹਾਬਲੀਪੁਰ ਵਿਖੇ ਸ. ਬਲਕਾਰ ਸਿੰਘ ਸਰਪੰਚ ਦੇ ਘਰ ਪੂਰਨ ਗੁਰੂ ਮਰਯਾਦਾ ਅਨੁਸਾਰ ਮਿਤੀ ੧੧ ਜੁਲਾਈ ਨੂੰ ਅਖੰਡ ਪਾਠ ਦਾ ਭੋਗ ਪਾਇਆ ਗਿਆ। ਜਥੇਦਾਰ ਗਿਆਨ ਸਿੰਘ ਜੀ ਨੇ ਭਾਵ ਭਿਨਾ ਦੀਵਾਨ ਲਾਇਆ। ਇਸ ਸਮੇਂ ਵਰਿਆਮ ਨੂੰ ੫੦/- ਰੁ: ਸਹਿਯੋਗ ਭੇਜਿਆ।

## ਸ: ਲਖਬੀਰ ਸਿੰਘ

(ਸੰਤ ਸੁਦਾਗਰ ਸਿੰਘ ਜੀ ਦੇ ਸਪੁਤਰ) ਬਸਤੀ ਭੂਰੇ ਖਾਂ ਨੇ ਪਾਠਦੇ ਭੋਗ ਦੇ ਅਵਸਰ ਤੇ ੧੧/- ਰੁ: ਭੇਜੇ ਹਨ।

## ਸ. ਮਹਿੰਦਰ ਸਿੰਘ ਬਟਾਲਾ

ਅਖੰਡ ਪਾਠ ਦੀ ਖੁਸ਼ੀ ਵਿਚ ੨੧/- ਰੁ: ਭੇਜਦੇ ਹਨ।

## ਸੰਤ ਕੇਸਰ ਸਿੰਘ ਜੀ ਦਾ ਵਰੀਣਾ

ਸ. ਅਜੀਤ ਸਿੰਘ ਬਸਤੀ ਭੂਰੇ ਖਾਂ ਦੇ ਪਿਤਾ ਜੀ ਸ. ਕੇਸਰ ਸਿੰਘ ਦੇ ਵਰੀਨ੍ਹੇ ਦੇ ਸਬੰਧ ਵਿਚ ਇਕ ਪਾਠ ਦਾ ਭੋਗ ੩੦ ਜੂਨ ੯੦ ਨੂੰ ਉਹਨਾ ਦੇ ਗ੍ਰਿਹ ਜਲੰਧਰ ਵਿਖੇ ਪਾਇਆ ਗਿਆ। ਸੰਤ ਬਲਬੀਰ ਸਿੰਘ ਜੀ ਨੇ ਕੀਰਤਨ ਕੀਤਾ, ਲੰਗਰ ਵਰਤਾਇਆ ਗਿਆ। ਵਰਿਆਮ ਨੂੰ ੨੧/- ਰੁ: ਸਹਾਇਤਾ ਦਿਤੀ ਗਈ।

## ਸ. ਅਵਤਾਰ ਸਿੰਘ ਰੜ ਪਿੰਡ

ਵਾਲਿਆਂ ਦੇ ਪਰਿਵਾਰ ਵਲੋਂ ਵਰਿਆਮ ਦੀ ਸਫਲਤਾ ਦੀ ਕਾਮਨਾ ਸਹਿਤ ੧੦੦/- ਰੁ. ਦੀ ਸਹਾਇਤਾ ਪ੍ਰਾਪਤ ਹੋਈ ਹੈ।

---

DO YOU WANT ATTRACTIVE PRINTING :

**For Letter Pads, Bill Books, Cash Memos, Receipts, Visiting Cards, Rate Lists, Forms, Marriage Card & Titles of Books & Magazines Etc.**

Then kindly contact please :

**NAMDHARI PRINTERS**

**(WARIAM PRESS)**

**Ladowali Road, Opp. Jalandhar Ex-Servmen Transport,**

**JALANDHAR-14400**

---

REPUTED MANUFACTURER OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

**GUNS**

Grams : SNIPER | Phone : 3805

**MODERN GUN WORKS**

**Opp. Industrial Estate,**

**JAMMU CANTT.**

---



Sri Satguru Jagjit Singh Ji eLibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI

ALL KINDS OF MARBLE STONE SUPPLIERS

WZ-2, Mansarover Garden, Ring Road,

NEW DELHI-110015

For All Kinds of Water Pumps, Machinery Repair & Other Job Works

## KHALSA

## Engineering Works

Campus Sant Brothers,

Near Jewel Cinema, Below Gumat,

JAMMU-180001.

Phone : 48919

## SANT SPORTS

Manufacturers of :

HIGH QUALITY CRICKET BATS

& OTHER SPORTS ITEMS

Below Gumat, JAMMU TAWI-180001

(J & K)

Phone : 48820

Manufacturers of :

WOODEN & PLY PACKING CASES

## PARTAP PACKERS

B-204, Mansrover Garden,

NEW DEHLI-110015.

## RAINU

## Engineering Works Regd.

Prop. : S. Mohinder Singh

Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks

Repair of Honda Generators and Diesel Generators

VINAIK BAZAR, JAMMU.

Phone No. 46894





Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
,, : 2510345
Resi. : 2213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JULY 1990
Registered with the Registrar of News Papers for India No. 26453/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

*ALREADY INTRODUCED :*

**Glucose, Roshni, Twinke, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com